

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ

ਪ੍ਰੋ. ਪ੍ਰੀਤਮ ਸਿੰਘ

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ

ਏਸੇ ਕਲਮ ਦੀਆਂ ਕੁੱਝ ਹੋਰ ਰਚਨਾਵਾਂ :

ਪੰਜਾਬੀ

(ੳ) ਮੌਲਿਕ

ਸੰਖੇਪ ਰਚਨਾ (1945); *ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ* (1978); *ਭਾਈ ਕਾਨ੍ਹ ਸਿੰਘ ਨਾਭਾ : ਜੀਵਨ ਤੇ ਰਚਨਾ* (1989); ਮੂਰਤਾਂ (1997); *ਪੰਜਾਬ, ਪੰਜਾਬੀ, ਪੰਜਾਬੀਅਤ* (1998); *ਅਹੀਆਪੁਰ ਵਾਲੀ ਪੋਥੀ* (1998); *ਦਸਵਾਂ ਗੁਰੂ ਨਾਨਕ* (1999); *ਝਰੋਖੇ* (2000); *ਕੱਚੀਆਂ, ਪੱਕੀਆਂ ਦੇ ਭਾਅ* (2001); *ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ* (2001), *ਮੁਹਾਂਦਰੇ* (2006); *ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ਼ ਫ਼ਰੀਦ ਦੀ ਭਾਲ* (2007); *ਕੱਚੀਆਂ-ਪੱਕੀਆਂ ਦੇ ਭਾਅ - ਭਾਗ ਦੂਜਾ* (2008); *ਕੰਨੀਂ ਸੁਣਿਆ ਤੇ ਅੱਖੀਂ ਡਿੱਠਾ ਸੋਵੀਅਤ ਰੂਸ* (2009); *ਸਿੱਖਾਂ ਦਾ ਛੋਟਾ ਮੇਲ : ਇਤਿਹਾਸ ਤੇ ਸਰਵੇਖਣ* (2009)

(ਅ) ਸੰਕਲਨ ਤੇ ਸੰਪਾਦਨ

ਸਿੱਖ ਫ਼ਲਸਫ਼ੇ ਦੀ ਰੂਪ-ਰੇਖਾ (1975, 2001); *ਨਉ-ਨਿਧਿ* (1976); *ਨਿਰਮਲ ਸੰਪਰਦਾਇ* (1981); *ਸ਼ਕਰਗੰਜ* (1982); *ਪੂਰਨ ਵਾਲਾ ਸ਼ਾਸਤਰੀ* (1989); *ਸੰਤ ਸਿੰਘ ਸੇਖੋਂ* (1991); *ਪੰਜਾਬੀ ਸਾਹਿੱਤ ਦੀ ਇਤਿਹਾਸਕਾਰੀ* (ਸੇਰੇਬ੍ਰਿਆਕੋਵ ਬਾਰੇ, 1993); *ਪੰਜਾਬੀ ਲੇਖਕ ਕੋਸ਼* (2003); *ਦਿਲਾਂ ਲਈ ਰਾਹਤ (ਫ਼ਵਾਇਦੁਲ ਫ਼ੁਆਦ ਦਾ ਪੰਜਾਬੀ ਅਨੁਵਾਦ ਤੇ ਸੰਪਾਦਨ)* (2008); *ਅਹੀਆਪੁਰ ਵਾਲੀ ਪੋਥੀ - ਭਾਗ ਦੂਜਾ, ਮੂਲ ਪਾਠ*

(ੲ) ਅਨੁਵਾਦ

ਖ਼ੁਸ਼ਹਾਲ ਖ਼ਾਨ ਖ਼ਟੱਕ : ਜੀਵਨ ਤੇ ਰਚਨਾ (ਕਵਿਤਾ ਦਾ ਅਨੁਵਾਦ ਪਸ਼ਤੋ ਤੋਂ, 1974); *ਸ੍ਰੇਸ਼ਟ ਗੋਸ਼ਟਾਂ* (ਫ਼ਾਰਸੀ ਤੋਂ, 1974); *ਦਿਲਾਂ ਨੂੰ ਰਾਹਤ* (ਫ਼ਾਰਸੀ ਤੋਂ, ਪ੍ਰੈਸ ਵਿਚ); *ਰਾਗ ਦਰਬਾਰੀ* (ਹਿੰਦੀ ਤੋਂ; 1976); *ਪ੍ਰੇਮ ਚੰਦ ਦੀਆਂ ਪ੍ਰਤਿਨਿਧ ਕਹਾਣੀਆਂ* (ਹਿੰਦੀ ਤੋਂ; 1982); *ਰਾਜਿੰਦਰ ਸਿੰਘ ਬੇਦੀ ਦੀਆਂ ਕਹਾਣੀਆਂ* (ਉਰਦੂ ਤੋਂ, 1999); *ਤਮਿਲਨਾਡੂ : ਲੋਕ-ਸਭਿਆਚਾਰ ਤੇ ਲੋਕ-ਸਾਹਿੱਤ* (ਅੰਗਰੇਜ਼ੀ ਤੋਂ, 2000); *ਦਿਲਾਂ ਲਈ ਰਾਹਤ* (ਫ਼ਾਰਸੀ ਤੋਂ)

(ਸ) ਬਾਲ-ਸਾਹਿੱਤ

I. **ਮਹਾਰਾਜਾ ਰਣਜੀਤ ਸਿੰਘ ਬਾਰੇ** (ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ)

ਵੱਡੇ ਰਾਜੇ ਦੇ ਮੱਥੇ ਵਿਚ ਵੱਟਾ (1989, 1995); *ਲੋਹੇ ਦਾ ਸੋਨਾ* (1989, 1996); *ਇਕ ਦੀ ਥਾਂ ਦੋ* (1990, 1996); *ਵੱਡੇ ਰਾਜੇ ਦੇ ਸਿਰ ਉੱਤੇ ਪੰਡ* (1990, 1996); *ਮੁਸਲਮਾਨਾਂ ਦੀ ਬਾਂਗ* (1990, 1995)

[ਉਪਰੋਕਤ ਪੰਜ ਕਿਤਾਬਾਂ ਹਿੰਦੀ ਵਿਚ ਅਨੁਦਿਤ ਹੋ ਚੁੱਕੀਆਂ ਹਨ। ਇਹ ਪੰਜੇ ਕਹਾਣੀਆਂ ਲਾਹੌਰ ਤੋਂ ਸ਼ਾਹਮੁਖੀ ਅੱਖਰਾਂ ਵਿਚ ਛਪਣ ਵਾਲੇ ਪੰਜਾਬੀ ਬਾਲ-ਰਿਸਾਲੇ *ਪਖੇਰੂ* ਵਿਚ ਸੰਪਾਦਕ ਜਨਾਬ ਅਸ਼ਰਫ਼ ਸੁਹੇਲ ਨੇ ਪਹਿਲਾਂ ਇਕ ਇਕ ਕਰ ਕੇ ਛਾਪੀਆਂ ਤੇ ਬਾਅਦ ਵਿਚ *ਵੱਡੇ ਰਾਜੇ ਦੀਆਂ ਕਹਾਣੀਆਂ* ਸਿਰਲੇਖ ਥੱਲੇ 2002 ਵਿਚ ਕਿਤਾਬੀ ਰੂਪ ਵਿਚ ਛਾਪ ਦਿੱਤੀਆਂ।]

ਮਹਾਰਾਜਾ ਰਣਜੀਤ ਸਿੰਘ (1989) (ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ ਵੱਲੋਂ ਪ੍ਰਕਾਸ਼ਿਤ ਤੇ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਦਿਤ)

II. **ਗੁਰੂ ਗੋਬਿੰਦ ਸਿੰਘ ਜੀ ਬਾਰੇ** (ਪੰਜਾਬੀ ਅਕਾਡਮੀ, ਦਿੱਲੀ ਛਾਪ ਰਹੀ ਹੈ)

ਨਕਲੀ ਸ਼ੇਰ; ਗਿੱਦੜਾਂ ਤੋਂ ਸ਼ੇਰ; ਭਾਈ ਕਨ੍ਹਈਆ; ਸੁੱਚਾ ਪਾਣੀ - ਜੂਠਾ ਪਾਣੀ; ਹਾਜ਼ਰ ਤੇ ਗ਼ੈਰ-ਹਾਜ਼ਰ

[All these stories have been translated into English as : *A Fake Lion; A Leonine Saint; Bhai Kanhaiya; Pure Water, Impure Water; Present and Absent* (in press) Bhai Kanhaiya has been published in Japanese language also]

III. **ਵੱਡੇ ਸਾਹਿਬਜ਼ਾਦੇ** (ਵਿਸ਼ਵ ਨਾਮਧਾਰੀ ਸੰਗਤ (ਰਜਿ.), ਸ੍ਰੀ ਭੈਣੀ ਸਾਹਿਬ ਵੱਲੋਂ ਪ੍ਰਕਾਸ਼ਿਤ)

(ਹ) English

Sikh Concept of The Divine (ed., 1985, 2002), G.N.D.U. Amritsar ; *Bhai Gurdas* (1991), Sahitya Akademi, New Delhi ; *Stories from the Life of Guru Gobind Singh* (for children, being published by National Book Trust, New Delhi in English and other Indian Languages); *Exploring Some Sikh Themes* (2006), Singh Brothers, Amritsar.

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ

ਪ੍ਰੋ. ਪ੍ਰੀਤਮ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

PUNJAB TE PUNJABI UTTE PAYEY BADESI PARBHAV

[Foreign Influence on Punjab and Punjabi Language]

by

PROF. PRITAM SINGH

ISBN 81-7205-466-1

ਪਹਿਲੀ ਵਾਰ 1978
ਦੂਜੀ ਵਾਰ ਜੂਨ 2011

ਮੁੱਲ : 100-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਕਰਤਾਰ ਸਿੰਘ ਦੁੱਗਲ

ਦੇ ਨਾਂ

ਤਰਤੀਬ

ਏਸ ਕਿਤਾਬਚੇ ਦੇ ਜਨਮ ਦੀ ਕਹਾਣੀ

ਜਦੋਂ ਡਾ. ਮਹਿੰਦਰ ਸਿੰਘ ਰੰਧਾਵਾ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਸਨ, ਇਹ ਓਦੋਂ ਦੀ ਗੱਲ ਹੈ।

ਇਕ ਦਿਨ ਉਨ੍ਹਾਂ ਦੇ ਪੀ.ਏ. ਦਾ ਫ਼ੋਨ ਆਇਆ। ਮੈਂ ਰੀਸੀਵਰ ਕੰਨ ਨਾਲ ਲਾਇਆ ਤਾਂ ਉਸ ਦੀ ਆਵਾਜ਼ ਆਈ,

"ਤੁਹਾਡੇ ਨਾਲ ਡਾ. ਰੰਧਾਵਾ ਜੀ ਗੱਲ ਕਰਨਗੇ ਜੀ।"

ਮੈਂ "ਬਹੁਤ ਅੱਛਾ" ਕਹਿ ਕੇ ਰੀਸੀਵਰ ਕੰਨ ਨਾਲ ਲਾਈ ਰੱਖਿਆ।

ਡਾ. ਰੰਧਾਵਾ, ਜਾਣੀ-ਪਛਾਣੀ ਮਿਹਰਬਾਨ ਸੁਰ ਵਿਚ ਬੋਲੇ,

"ਪ੍ਰੀਤਮ ਸਿੰਘ, ਪਰਸੋਂ ਯਾਰਾਂ ਵਜੇ ਮੈਂ ਪੰਜਾਬੀ ਦੇ ਕੁੱਝ ਚੋਣਵੇਂ ਲੇਖਕਾਂ ਨੂੰ ਆਪਣੇ ਦਫ਼ਤਰ ਵਿਚ ਬੁਲਾਇਆ ਹੈ। ਪੰਜਾਬੀ ਸਾਹਿੱਤ ਦਾ ਕੋਈ ਵੀ ਤਸੱਲੀਬਖ਼ਸ਼ ਇਤਿਹਾਸ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਇਕ ਵੱਡੇ ਸਾਹਿੱਤਿਕ ਇਤਿਹਾਸ ਦੀ ਰਚਨਾ ਕੀਤੀ ਜਾਵੇ। ਤੂੰ ਚੈਪਟਰਾਂ ਦੀ ਲਿਸਟ ਤਿਆਰ ਕਰ ਕੇ, ਮੈਨੂੰ ਕੱਲ੍ਹ ਪਹੁੰਚਦੀ ਕਰ ਦੇਵੇਂ ਤਾਂ ਮੈਂ ਉਸ ਦੀਆਂ ਕਾਪੀਆਂ ਕਢਵਾ ਕੇ ਮੇਜ਼ ਉੱਤੇ ਰਖਵਾ ਦਿਆਂਗਾ।"

ਮੈਂ "ਅੱਛਾ ਜੀ" ਕਹਿ ਕੇ ਫ਼ੋਨ ਬੰਦ ਕਰ ਦਿੱਤਾ।

ਮੈਂ ਪ੍ਰਸਤਾਵਿਤ ਇਤਿਹਾਸ ਲਈ ਕੁੱਝ ਚੈਪਟਰਾਂ ਦੀ ਸੂਚੀ ਅਗਲੇ ਦਿਨ ਉਨ੍ਹਾਂ ਨੂੰ ਪਹੁੰਚਾ ਦਿੱਤੀ। ਮੀਟਿੰਗ ਵਾਲੇ ਦਿਨ ਲੇਖਕਾਂ ਦਾ ਜੱਥਾ ਰੰਧਾਵਾ ਸਾਹਿਬ ਦੇ ਦਫ਼ਤਰ ਵਿਚ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਪਹੁੰਚਿਆ ਹੋਇਆ ਸੀ।

ਰੰਧਾਵਾ ਸਾਹਿਬ ਆਉਂਦੇ ਸਾਰ ਸਦਾਰਤ ਦੀ ਕੁਰਸੀ ਉੱਤੇ ਸਜ ਗਏ ਤੇ ਮੇਰੇ ਵੱਲ ਮੂੰਹ ਕਰ ਕੇ ਬੋਲੇ,

"ਪ੍ਰੀਤਮ ਸਿੰਘ! *ਪੰਜਾਬੀ ਸਾਹਿੱਤ ਦੇ ਇਤਿਹਾਸ* ਦੇ ਚੈਪਟਰਾਂ ਦੀ ਤੇਰੀ ਲਿਸਟ ਸਭ ਦੇ ਸਾਹਮਣੇ ਪਈ ਹੈ। ਜਿਹੜੀਆਂ ਸੂਚੀਆਂ ਹੋਰਨਾਂ ਪਾਸੋਂ ਪਹੁੰਚੀਆਂ ਹਨ, ਉਹ ਵੀ ਏਥੇ ਹੀ ਪਈਆਂ ਹਨ। ਤੁਸੀਂ ਛੇਤੀ ਛੇਤੀ ਨਜ਼ਰ ਮਾਰ ਲਓ ਤਾਂ ਜੋ ਕੰਮ ਸ਼ੁਰੂ ਕਰ ਦੇਈਏ।"

ਥੋੜੇ ਚਿਰ ਬਾਅਦ ਮੀਟਿੰਗ ਦੀ ਕਾਰਵਾਈ ਸ਼ੁਰੂ ਹੋ ਗਈ ਤੇ ਰੰਧਾਵਾ ਸਾਹਿਬ ਨੇ ਕਿਹਾ,

"ਅੱਜ ਆਪਾਂ ਪੰਜਾਬੀ ਸਾਹਿੱਤ ਦੇ ਇਕ ਵੱਡੇ ਗ੍ਰੰਥ ਦੀ ਤਿਆਰੀ ਲਈ ਇਕੱਠੇ ਹੋਏ ਹਾਂ। ਕੁੱਝ ਚੈਪਟਰਾਂ ਦੇ ਸੁਝਾਅ ਤੁਹਾਡੇ ਸਾਹਮਣੇ ਹਨ, ਕੁੱਝ ਹੋਰ ਵਧਾਉਣਾ ਚਾਹੋ ਤਾਂ ਵਧ ਸਕਦੇ ਹਨ। ਜਿਹੜੇ ਚੈਪਟਰ ਤੁਸੀਂ ਆਪ ਲਿਖਣੇ ਪਸੰਦ ਕਰੋ, ਉਹ ਚੁਣ ਲਓ। ਜਿਹੜੇ ਰਹਿ ਜਾਣਗੇ, ਉਨ੍ਹਾਂ ਲਈ ਲੇਖਕ ਸੁਝਾਅ ਦਿਓ। ਮੈਂ ਸਭ ਨੂੰ ਚਿੱਠੀਆਂ ਲਿਖ ਦਿਆਂਗਾ, ਏਸ ਕਿਤਾਬ ਦਾ ਚੀਫ਼ ਐਡੀਟਰ ਮੈਂ ਆਪ ਹੋਵਾਂਗਾ। ਕਿਤਾਬ ਵੱਧ ਤੋਂ ਵੱਧ ਚਾਰ ਮਹੀਨਿਆਂ ਦੇ ਅੰਦਰ ਅੰਦਰ ਤਿਆਰ ਹੋ ਜਾਣੀ ਚਾਹੀਦੀ ਹੈ। ਕਿਸੇ ਨੂੰ ਕੁੱਝ ਪੁੱਛਣਾ ਹੋਵੇ ਤਾਂ ਪੁੱਛੋ।"

ਕੋਈ ਉਜ਼ਰ ਸਾਹਮਣੇ ਨਾ ਆਇਆ। ਸਭ ਨੇ ਰੰਧਾਵਾ ਜੀ ਦਾ ਸੁਝਾਅ ਪਰਵਾਨ ਕਰ ਲਿਆ ਸੀ। ਸਭ ਨੇ ਆਪਣੀ ਪਸੰਦ ਦੇ ਕਾਂਡ ਚੁਣ ਲਏ ਸਨ। ਜਿਹੜਾ ਕਾਂਡ ਕਿਸੇ ਨੇ ਨਹੀਂ ਸੀ ਚੁੱਕਿਆ—ਬਦੇਸੀ ਪ੍ਰਭਾਵਾਂ ਵਾਲਾ, ਉਹ ਰੰਧਾਵਾ ਸਾਹਿਬ ਨੇ ਮੈਨੂੰ ਸੌਂਪ ਦਿੱਤਾ। ਇਸ ਵਿਸ਼ੇ ਉੱਤੇ ਓਦੋਂ ਤਕ ਪੰਜਾਬੀ ਵਿਚ ਕੋਈ ਕਿਤਾਬ ਨਹੀਂ ਸੀ ਮਿਲਦੀ, ਜੋ ਲੇਖਕਾਂ ਲਈ ਸਹਾਇਕ ਸਾਬਤ ਹੋ ਸਕਦੀ। ਸ਼ਾਇਦ ਇਸੇ ਲਈ ਕਿਸੇ ਨੇ ਇਸ ਨੂੰ ਹੱਥ ਨਹੀਂ ਸੀ ਪਾਇਆ।

ਕੁੱਝ ਚਿਰ ਪਿੱਛੋਂ ਡਾ. ਰੰਧਾਵਾ ਜੀ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਾ ਰਹੇ ਤਾਂ ਇਸ ਕਿਤਾਬਚੇ ਦੀ ਤਿਆਰੀ ਵਿੱਚੇ ਰਹਿ ਗਈ। ਜਿਥੋਂ ਤਕ ਮੈਨੂੰ ਚੇਤੇ ਹੈ ਕਿਸੇ ਲੇਖਕ ਨੇ ਆਪਣੀ ਮਨਮਰਜ਼ੀ ਦਾ ਕਾਂਡ ਤਿਆਰ ਕਰ ਕੇ ਰੰਧਾਵਾ ਜੀ ਨੂੰ ਨਹੀਂ ਸੀ ਭੇਜਿਆ। ਮੈਂ ਇਕੱਲਾ ਸਾਂ ਜਿਸ ਨੇ ਆਪਣਾ ਲੇਖ ਪੂਰਾ ਕੀਤਾ। ਇਹ ਲੇਖ ਮੇਰੇ ਪਾਸ ਪਿਆ ਰਿਹਾ। ਸਮਾਂ ਬੀਤਦਾ ਗਿਆ, ਮੈਂ ਇਸ ਕਾਂਡ ਦੀ ਇਕ ਕਾਪੀ ਟਾਈਪ ਕਰਵਾ ਕੇ ਰੱਖ ਛੱਡੀ। ਇਹ ਲੇਖ ਲੰਬਾ ਸੀ, ਇਸ ਲਈ ਓਦੋਂ ਦੇ ਕਿਸੇ ਅਖ਼ਬਾਰ ਜਾਂ ਰਿਸਾਲੇ ਦੀ ਸੰਕੁਚਿਤ ਥਾਂ ਵਿਚ ਸਮਾ ਨਹੀਂ ਸੀ ਸਕਦਾ, ਸੋ ਪਿਆ ਰਿਹਾ।

ਇਕ ਦਿਨ ਅਚਾਨਕ ਰਵੀ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ ਦੇ ਮਾਲਕ ਸ. ਮੋਹਨ ਸਿੰਘ ਰਾਹੀ ਨਾਲ ਇਸ ਲੰਬੇ ਲੇਖ ਬਾਰੇ ਗੱਲ ਹੋਈ ਤਾਂ ਉਨ੍ਹਾਂ ਨੇ ਇਸ ਨੂੰ ਕਿਤਾਬੀ ਸੂਰਤ ਵਿਚ ਛਾਪ ਦੇਣ ਦਾ ਵਿਚਾਰ ਪੇਸ਼ ਕੀਤਾ। ਮੈਂ ਆਪਣਾ ਲੇਖ ਉਨ੍ਹਾਂ ਦੇ ਹਵਾਲੇ ਕਰ ਦਿੱਤਾ, ਜਿਸ ਨੂੰ ਉਨ੍ਹਾਂ ਨੇ ਕਿਤਾਬਚੇ ਦਾ ਰੂਪ ਦੇਣ ਦੀ ਕਿਰਪਾ ਕੀਤੀ। ਇਹ ਤਾਂ ਹੈ ਇਸ ਇਕ ਅਣਜੰਮੇ ਗ੍ਰੰਥ ਦੇ ਇਕ ਅਧਿਆਇ ਦੇ ਕਿਤਾਬੀ ਰੂਪ ਵਿਚ ਪ੍ਰਗਟ ਹੋਣ ਦੀ ਕਹਾਣੀ।

ਇਸ ਅਧਿਆਇ ਦਾ ਵਿਸ਼ਾ ਆਪਣੀ ਵਿਸ਼ਾਲ ਸਾਮਿਅਕ ਅਤੇ ਇਤਿਹਾਸਿਕ ਬੁੱਕਲ ਵਿਚ ਬੜਾ ਕੁੱਝ ਸਮੋ ਸਕਦਾ ਸੀ, ਪਰ ਮੈਂ ਲਿਖਣ ਲੱਗਿਆਂ ਇਸ ਨੂੰ ਬਹੁਤੇ ਵਿਸਤਾਰ ਤੋਂ ਬਚਾਈ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਜੇ ਇਸ ਵਿਸ਼ੇ ਉੱਤੇ ਮੈਂ ਲੇਖ ਦੀ ਥਾਂ ਕਿਤਾਬ ਤਿਆਰ ਕਰਨ ਦਾ ਸੰਕਲਪ ਬਣਾਇਆ ਹੁੰਦਾ ਤਾਂ ਇਸ ਕਿਤਾਬਚੇ ਦਾ ਆਕਾਰ ਹੁਣ ਨਾਲੋਂ ਤੀਣਾ-ਚੌਣਾ ਹੋ ਜਾਣਾ ਸੀ, ਪਰ ਲੱਗਦਾ ਹੈ ਇਸ ਦੇ ਭਾਗਾਂ ਵਿਚ ਇਸ ਦਾ ਵੱਡ-ਆਕਾਰੀ ਹੋਣਾ ਨਿਸਚਿਤ ਨਹੀਂ ਸੀ।

ਮੇਰੇ ਪਾਸੋਂ ਇਹ ਕਿਤਾਬਚਾ ਤਿਆਰ ਕਰਾਉਣ ਦੀ ਕ੍ਰਿਤੱਗਤਾ ਪਾਰੋਂ ਮੈਂ ਇਸ ਦੀ ਪਹਿਲੀ ਛਾਪ ਨੂੰ ਇਨ੍ਹਾਂ ਸ਼ਬਦਾਂ ਨਾਲ ਡਾਕਟਰ ਰੰਧਾਵਾ ਨੂੰ ਸਮਰਪਿਤ ਕੀਤਾ ਸੀ :

ਡਾ. ਮਹਿੰਦਰ ਸਿੰਘ ਰੰਧਾਵਾ ਦੇ ਨਾਂ
ਜਿਸ ਨੂੰ
ਪੰਜਾਬ ਦੀ ਮਿੱਸੀ ਮਿੱਟੀ ਵਿੱਚੋਂ
ਮਿੱਸੀ ਰੋਟੀ ਦੀ ਸੁਗੰਧ ਆਉਂਦੀ ਹੈ।

—ਪ੍ਰੀਤਮ ਸਿੰਘ

ਪਹਿਲੀ ਛਾਪ ਦੀ ਭੂਮਿਕਾ

ਮਹੀਨਾ ਜੂਨ ਦਾ, ਸ਼ਹਿਰ ਮਾਸਕੋ, ਬਗ਼ੀਚਾ ਹੋਟਲ ਯੂਕਰਾਈਨਾ ਦੇ ਸਾਹਮਣੇ ਦਾ ਅਤੇ ਟਹਿਲਣ ਵਾਲੇ ਅਸੀਂ ਦੋ ਸਿੱਖ—ਡਾ. ਤਾਰਨ ਸਿੰਘ ਤੇ ਲੇਖਕ। ਅਸੀਂ ਗਏ ਹੋਏ ਸਾਂ ਇਕ ਕਾਨਫ਼ਰੰਸ ਵਿਚ ਭਾਗ ਲੈਣ ਲਈ, ਜਿਸ ਵਿਚ ਸਾਡੇ ਵਰਗੇ ਛੇ ਸੱਤ ਸੌ ਡੈਲੀਗੇਟ ਹੋਰ ਪਹੁੰਚੇ ਹੋਏ ਸਨ। ਇਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਸੋਵੀਅਤ ਰੂਸੀ ਤੇ ਗ਼ੈਰ-ਰੂਸੀ ਮੁਸਲਮਾਨਾਂ ਦੀ ਸੀ। ਜਿਹੜਾ ਵੀ ਮੁਸਲਮਾਨ ਡੈਲੀਗੇਟ ਸਾਡੇ ਪਾਸੋਂ ਲੰਘਦਾ, ਓਹੀ ਪੁੱਛਦਾ, "ਮੁਸਲਮਾਨ ?" ਮੈਂ ਕਹਿੰਦਾ, "ਮੁਸਲਮਾਨ-ਦੋਸਤ।" ਦਰਿਆ ਵਿਚ ਸੈਰ ਕਰਨ ਗਏ ਤਾਂ ਜਹਾਜ਼ ਵਿਚ ਬੈਠਿਆਂ ਕਈਆਂ ਨੇ ਇਹੀ ਸਵਾਲ ਕੀਤਾ। ਬਸ ਵਿਚ ਬੈਠੇ ਤਾਂ ਨਾਲ ਦੀ ਸੀਟ ਉੱਤੇ ਬੈਠੇ ਇਕ ਰੂਸੀ ਨੇ ਵਾਕਫ਼ੀ ਗੰਢਣ ਲਈ ਸਵਾਲ ਕੀਤਾ, "ਮੁਸਲਮਾਨ ?" ਮੈਂ ਸਿਰ ਹਿਲਾ ਕੇ ਕਿਹਾ, "ਸਿੱਖ, ਇੰਡੀਅਨ।" ਪਰ ਨਾਲ ਹੀ ਸੋਚਣ ਲੱਗ ਪਿਆ, "ਇਨ੍ਹਾਂ ਲੋਕਾਂ ਨੂੰ ਪਹਿਲੀ ਨਜ਼ਰੇ ਸਾਡੇ ਮੁਸਲਮਾਨ ਹੋਣ ਦਾ ਭਰਮ ਕਿਉਂ ਪੈਂਦਾ ਹੈ ?" ਉੱਤਰ ਵਿਚ ਪਹਿਲਾਂ ਦਸਤਾਰ ਦਾ ਖ਼ਿਆਲ ਆਇਆ, ਜੋ ਕਾਨਫ਼ਰੰਸ ਵਿਚ ਭਾਗ ਲੈਣ ਵਾਲੇ ਬਹੁਤੇ ਮੁਸਲਮਾਨਾਂ ਦਿਆਂ ਸਿਰਾਂ ਉੱਤੇ ਸੋਭ ਰਹੀ ਸੀ, ਫੇਰ ਦਾੜ੍ਹੀ-ਮੁੱਛਾਂ ਦਾ ਖ਼ਿਆਲ ਆਇਆ, ਜਿਸ ਨੂੰ ਕਾਫ਼ੀ ਮੁਸਲਮਾਨ ਸਾਡੇ ਵਾਂਗ ਪ੍ਰੇਮ ਨਾਲ ਪਾਲਦੇ ਪ੍ਰਤੀਤ ਹੋ ਰਹੇ ਸਨ ਅਤੇ ਅੰਤ ਵਿਚ ਨਿਗਾਹ ਗਈ ਜੋਧਪੁਰੀ ਕੋਟਾਂ ਵੱਲ, ਜੋ ਵਲੈਤੀ ਕੋਟਾਂ ਨਾਲੋਂ ਮੁਸਲਮਾਨਾਂ ਦੇ ਪਹਿਰਾਵੇ ਦੇ ਵਧੇਰੇ ਨੇੜੇ ਸਨ। ਮੈਨੂੰ ਲੱਗਦਾ ਹੈ ਕਿ ਦਸਤਾਰ ਵਰਗਾ ਕੋਈ ਸੀਸ-ਬਸਤਰ ਇਸਲਾਮ ਦੇ ਪ੍ਰਵੇਸ਼ ਤੋਂ ਪਹਿਲਾਂ ਭਾਰਤ ਵਿਚ ਮੌਜੂਦ ਸੀ—ਪੁਰਾਣੇ ਚਿੱਤਰਾਂ ਤੇ ਮੂਰਤੀਆਂ ਤੋਂ ਇਹੋ ਸਿੱਧ ਹੁੰਦਾ ਹੈ, ਪਰ ਕੀ ਓਦੋਂ ਵੀ ਇਹ ਮੱਧ ਏਸ਼ੀਆ ਤੋਂ ਆਈ ਵਸਤੂ ਤਾਂ ਨਹੀਂ ਸੀ ? ਬਸਤਰ-ਯਾਤਰਾ ਦੇ ਇਸ ਨਿੱਕੇ ਜਿਹੇ ਪ੍ਰਸ਼ਨ ਤੋਂ ਟੁੰਬ ਖਾ ਕੇ ਲੇਖਕ ਦਾ ਖ਼ਿਆਲ ਕੌਮਾਂ ਤੇ ਦੇਸਾਂ ਦੇ ਆਪਸੀ ਪ੍ਰਭਾਵਾਂ ਦੇ ਵਿਸ਼ਾਲ ਖੇਤਰ ਵੱਲ ਮੁੜ ਪਿਆ। ਸੋਚਿਆ, ਅਸੀਂ ਸਾਰੇ, ਸਮੇਂ ਸਮੇਂ, ਕਿਸੇ ਸਿਆਹੀ-ਚੂਸ ਵਾਂਗ, ਕਿੰਨੇ ਸਹਿਜ ਨਾਲ ਗ਼ੈਰ ਪ੍ਰਭਾਵ ਕਬੂਲਦੇ ਤੇ ਆਪਣੇ ਨਿੱਤ ਦੇ ਵਰਤ-ਵਿਹਾਰ, ਸੋਚ-ਵਿਚਾਰ ਤੇ ਬੋਲ-ਚਾਲ ਵਿਚ ਸਮੋ ਲੈਂਦੇ ਹਾਂ ? ਕੁੱਝ ਚਿਰ ਪਿੱਛੋਂ ਸਾਨੂੰ ਉਨ੍ਹਾਂ ਦੇ ਗ਼ੈਰ ਹੋਣ ਦਾ ਚਿਤ-ਚੇਤਾ ਵੀ ਨਹੀਂ ਰਹਿੰਦਾ। ਰਾਤ ਨੂੰ ਲੇਟਿਆਂ-ਲੇਟਿਆਂ ਆਪਣਾ ਸਰੀਰ ਦਾ ਧਿਆਨ ਧਰਿਆ। ਮੇਰੀ ਦਸਤਾਰ ਬੰਬਈ ਤੋਂ, ਐਨਕ ਦੇ ਸ਼ੀਸ਼ੇ ਇੰਗਲੈਂਡ ਤੋਂ, ਪੈਂਨ ਅਮਰੀਕਾ ਤੋਂ, ਘੜੀ ਸਵਿਟਜ਼ਰਲੈਂਡ ਤੋਂ, ਕਮੀਜ਼ ਕੈਨੇਡਾ ਤੋਂ ਤੇ ਜੁਰਾਬਾਂ ਜਰਮਨੀ ਤੋਂ ਆਈਆਂ ਹੋਈਆਂ ਸਨ, ਪਰ ਮੈਨੂੰ ਕਦੀ ਖ਼ਿਆਲ ਵੀ ਨਹੀਂ ਸੀ ਆਇਆ ਕਿ ਆਪਣੀਆਂ ਨਿੱਤ ਦੀਆਂ ਲੋੜਾਂ ਪੂਰਨ ਲਈ ਮੈਂ ਦੂਰ-ਦੂਰ ਦੇ ਦੇਸਾਂ ਦਾ ਕਿੰਨਾ ਦੇਣਦਾਰ ਹਾਂ। ਜਿਸ ਤਰ੍ਹਾਂ ਮੈਂ ਆਪਣੇ ਸਰੀਰ ਉੱਤੇ ਕਈ ਦੇਸ ਚੁੱਕੀ ਫਿਰਦਾ ਹਾਂ, ਸਪੱਸ਼ਟ ਹੈ ਕਿ ਉਸੇ ਤਰ੍ਹਾਂ ਹਰ ਦੇਸ ਦੇ ਸ਼ਹਿਰੀ, ਕਈ ਕਈ ਬਦੇਸਾਂ ਨੂੰ ਆਪਣਿਆਂ ਪਿੰਡਿਆਂ ਉੱਤੇ ਹੰਢਾਉਂਦੇ ਫਿਰਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਵਿਚਾਰਾਂ ਦਾ ਲੈਣ-ਦੇਣ, ਵਸਤਾਂ ਵਾਂਗ ਹੀ ਹੁੰਦਾ ਹੈ। ਇਸ ਲਈ, ਆਪਣਾ ਕਲਚਰ ਚਾਹੇ ਕਿੰਨਾ ਪਿਆਰਾ, ਸੁੱਚਾ ਤੇ ਨਿਰੋਲ

ਲਗਦਾ ਹੋਵੇ, ਅਸਲ ਵਿਚ ਹੁੰਦਾ ਮਿੱਸਾ ਹੈ। ਕਦੀ ਅਸੀਂ ਮਿੱਟੀ ਨਾਲ ਹੱਥ ਸਾਫ਼ ਕਰਦੇ ਸਾਂ, ਫੇਰ ਸਾਬਣ ਨਾਲ ਕਰਨ ਲੱਗ ਪਏ; ਅਣਸੀਤੇ ਦੀ ਥਾਂ ਸੀਤੇ ਕਪੜੇ ਪਾਉਣ ਲੱਗ ਪਏ; ਘਾਹ ਦੀਆਂ ਚਪਲਾਂ ਜਾਂ ਲੱਕੜ ਦੀਆਂ ਖੜਾਵਾਂ ਦੀ ਥਾਂ ਚੰਮ, ਰਬੜ ਜਾਂ ਪਲਾਸਟਿਕ ਦੀਆਂ ਜੁੱਤੀਆਂ ਪਾਉਣ ਲੱਗ ਪਏ; ਸ਼ਕ, ਬਿਕ੍ਰਮੀ, ਸੰਮਤਾਂ ਦੀ ਥਾਂ ਹਿਜਰੀ ਤੇ ਫੇਰ ਉਸ ਨੂੰ ਵੀ ਛੱਡ ਕੇ ਈਸਵੀ ਸੰਨ ਵਰਤਣ ਲੱਗ ਪਏ; ਖੜੇ ਹੋ ਕੇ ਬੋਲ ਕਰਨ ਲੱਗ ਪਏ, ਕਿਉਂਕਿ ਤੇੜ ਪੈਂਟ ਪਾਈ ਹੁੰਦੀ ਹੈ, ਜਿਸ ਨਾਲ ਬੈਠ ਕੇ ਇਹ ਕਿਰਿਆ ਕਰਨੀ ਔਖੀ ਹੁੰਦੀ ਹੈ; ਹੱਥ ਜੋੜ ਕੇ ਜੀ-ਆਇਆਂ ਕਹਿਣ ਦੀ ਥਾਂ ਹੱਥ ਮਿਲਾਉਣ ਦਾ ਰਿਵਾਜ ਚਾਲੂ ਹੁੰਦਾ ਜਾਂਦਾ ਹੈ; ਸਾਡੇ ਘਰਾਂ ਵਿਚ ਬਿਜਲੀ ਦੀ ਅਨੇਕ-ਪ੍ਰਕਾਰੀ ਵਰਤੋਂ ਹੋਣ ਲੱਗ ਪਈ ਹੈ ਤੇ ਆਵਾਜਾਈ ਤੇ ਦੂਰ-ਸੰਪਰਕ ਦੇ ਨਵੇਂ ਸਾਧਨਾਂ ਤੋਂ ਲਾਭ ਉਠਾਉਣ ਲੱਗ ਪਏ ਹਾਂ।

ਹੁਣ ਜੇ ਕੋਈ ਵਿਦਵਾਨ ਸਾਨੂੰ ਇਹ ਦੱਸੇ ਕਿ ਇਹ ਸਭ ਕੁੱਝ ਅਸੀਂ ਬਦੇਸੀ ਪ੍ਰਭਾਵਾਂ ਅਧੀਨ ਕਰ ਰਹੇ ਹਾਂ ਤਾਂ ਇਸ ਗਿਆਨ ਤੋਂ ਨਾ ਝੋਰਾ ਉਪਜਣਾ ਚਾਹੀਦਾ ਹੈ, ਨਾ ਸ਼ੁੱਧੀ ਦਾ ਅੰਦੋਲਨ। ਕਲਚਰ ਬਾਰੇ ਨਿਰੋਲਤਾ ਵਾਲੇ ਸੰਕਲਪ ਅਗਾਂਹ ਨਹੀਂ ਲਿਜਾਂਦੇ, ਪਿਛਾਂਹ ਵੱਲ ਧੱਕਦੇ ਹਨ ਤੇ ਤੰਗ-ਦਿਲੀ ਦੇ ਸੂਚਕ ਹੁੰਦੇ ਹਨ। ਇਸੇ ਲਈ ਸਾਡੇ ਦੇਸ ਵਿਚ 'ਹਿੰਦੀ, ਹਿੰਦੂ, ਹਿੰਦੁਸਤਾਨ' ਦਾ ਸ਼ੁੱਧੀ ਵਾਲਾ ਨਾਹਰਾ ਸਫਲ ਨਹੀਂ ਹੋ ਸਕਿਆ। ਈਰਾਨ ਵਿਚ ਵੀ ਇਸੇ ਤਰ੍ਹਾਂ ਹੀ ਇਕ ਸ਼ੁੱਧੀ ਲਹਿਰ ਅਰਬੀ ਦੇ ਸ਼ਬਦਾਂ ਨਾਲ ਭਿੱਟ ਵਰਤਣ ਵਾਲੀ ਚੱਲੀ ਸੀ। ਉਸ ਨੂੰ 'ਸ਼ੁੱਧ ਫ਼ਾਰਸੀ' (ਪਾਰਸੀਇ-ਸਰਹ) ਦਾ ਨਾਂ ਦਿੱਤਾ ਗਿਆ ਸੀ, ਪਰ ਉਹ ਵੀ ਸਫਲ ਨਹੀਂ ਸੀ ਹੋ ਸਕੀ। ਮਿੱਸ ਨਾਲ ਕੋਈ ਕਲਚਰ ਭਿੱਟਦਾ ਨਹੀਂ, ਅਮੀਰ ਹੁੰਦਾ ਹੈ। ਜੋ ਬਦੇਸੀ ਪ੍ਰਭਾਵ ਕਿਸੇ ਦੇਸ ਦੇ ਧੁਰ-ਅੰਦਰਲੇ ਦਾ ਹਿੱਸਾ ਬਣ ਜਾਂਦੇ ਹਨ, ਉਹ ਖੋਜੀਆਂ ਜਾਂ ਇਤਿਹਾਸਕਾਰਾਂ ਦੀ ਨਿਸ਼ਾਨਦੇਹੀ ਅਨੁਸਾਰ ਬੇਸ਼ਕ ਬਦੇਸੀ ਪਏ ਹੋਣ, ਸਮਝਣੇ ਦੇਸੀ ਹੀ ਚਾਹੀਦੇ ਹਨ। ਇਸੇ ਕਰਕੇ ਪੰਜਾਬੀਆਂ ਨੂੰ ਨਿੱਤ-ਵਰਤੋਂ ਵਾਲੇ ਅਰਬੀ-ਫ਼ਾਰਸੀ ਜਾਂ ਅੰਗਰੇਜ਼ੀ ਸ਼ਬਦਾਂ ਨਾਲ ਛੂਆ-ਛੂਤ ਵਰਤਣ ਦੀ ਲੋੜ ਨਹੀਂ। ਜੋ ਸ਼ਬਦ ਸਾਡੀ ਕੋਈ ਲੋੜ ਪੂਰੀ ਨਹੀਂ ਕਰਦੇ, ਉਹ ਆਪਣੇ ਆਪ ਵਰਤੋਂ ਵਿੱਚੋਂ ਨਿਕਲ ਜਾਣਗੇ। ਬਦੇਸੀ ਪ੍ਰਭਾਵ ਬਾਰੇ ਬੁੱਧੀਮਾਨ ਲੋਕਾਂ ਨੂੰ ਚੁਕੰਨੇ ਹੋਣ ਦੀ ਲੋੜ ਓਦੋਂ ਪੈਣੀ ਚਾਹੀਦੀ ਹੈ, ਜਦੋਂ ਆਪਣੇ ਇਤਿਹਾਸ ਤੋਂ ਕੋਈ ਉੱਕਾ ਕੋਰਾ ਨਕਲਚੀ, ਆਪਣੇ ਦਿਮਾਗ਼ ਦੇ ਸਾਰੇ ਬੂਹੇ-ਬਾਰੀਆਂ ਬੰਦ ਕਰ ਕੇ, ਮੱਖੀ ਉੱਤੇ ਮੱਖੀ ਮਾਰਨ ਲੱਗ ਪਏ, ਜਿਵੇਂ ਰੋਮਨ ਅੱਖਰਾਂ ਤੋਂ ਭੁਲੇਖਾ ਖਾ ਕੇ, ਕਈ ਪੰਜਾਬੀ 'ਬੁੱਧ' ਨੂੰ 'ਬੁੱਧਾ', 'ਅਸ਼ੋਕ' ਨੂੰ 'ਅਸ਼ੋਕਾ', 'ਗੁਪਤ' ਨੂੰ 'ਗੁਪਤਾ' ਜਾਂ 'ਵਿਸ਼ਨੂ' ਨੂੰ 'ਵਿਸ਼ਨੂਾ' ਹੀ ਪੜ੍ਹਨ ਜਾਂ ਲਿਖਣ ਲੱਗ ਪਏ ਹਨ। ਅੰਦੋਲਨ ਦੀ ਲੋੜ ਹੁੰਦੀ ਹੈ ਇਸ ਤਰ੍ਹਾਂ ਦੇ ਵਲਾਯੌੜ ਪ੍ਰਭਾਵਾਂ ਦੇ ਵਿਰੁੱਧ, ਵਰਨਾ ਜੋ ਪ੍ਰਭਾਵ ਸਾਡੇ ਦਿਲ-ਦਿਮਾਗ਼ ਵਿਚ ਰਚ ਚੁੱਕੇ ਹਨ, ਉਹ ਮੂਲ ਵਜੋਂ ਚਾਹੇ ਯੂਨਾਨੀ ਹਨ, ਚਾਹੇ ਰੋਮਨ, ਇਸਲਾਮੀ ਹਨ, ਚਾਹੇ ਈਸਾਈ, ਉਨ੍ਹਾਂ ਤੋਂ ਵੱਖ ਹੋਣ ਦਾ ਜਤਨ ਕਰਨਾ ਨਹੁੰ ਤੋਂ ਮਾਸ ਵੱਖ ਕਰਨ ਦੇ ਤੁੱਲ ਹੁੰਦਾ ਹੈ।

ਆਪਣੀ ਇਸ ਪੁਸਤਕਾ ਵਿਚ, ਜੋ ਡਾ. ਮਹਿੰਦਰ ਸਿੰਘ ਰੰਧਾਵਾ ਦੇ ਕਹਿਣ ਉੱਤੇ ਤਿਆਰ ਕੀਤੀ ਗਈ ਸੀ, ਲੇਖਕ ਨੇ ਪੰਜਾਬ ਤੇ ਪੰਜਾਬੀ ਉੱਤੇ ਪਏ ਕੁੱਝ ਬਦੇਸੀ ਪ੍ਰਭਾਵਾਂ ਨੂੰ ਚਿਤਾਰਨ ਦਾ ਜਤਨ ਕੀਤਾ ਹੈ। ਲੇਖਕ ਨੂੰ ਇਹਸਾਸ ਹੈ ਕਿ ਇਸ ਮਸਲੇ ਉੱਤੇ ਅਜੇ ਹੋਰ ਬਹੁਤ ਕੁੱਝ ਕਿਹਾ ਜਾ ਸਕਦਾ ਹੈ, ਪਰ ਕਿਉਂਕਿ ਇਸ ਜਤਨ ਦਾ ਆਰੰਭਿਕ ਸੰਕਲਪ

ਕਿਸੇ ਵੱਡੇ ਖੋਜ-ਪ੍ਰਬੰਧ ਦਾ ਨਹੀਂ ਸੀ, ਇਸ ਲਈ ਵਿਸਤਾਰ ਦੀ ਥਾਂ ਇਸ਼ਾਰਿਆਂ ਨਾਲ ਹੀ ਕੰਮ ਸਾਰਿਆ ਗਿਆ ਹੈ।

ਲੇਖਕ ਸ. ਮੋਹਨ ਸਿੰਘ ਰਾਹੀ ਜੀ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਮੇਰੇ ਇਸ ਜਤਨ ਨੂੰ ਪੁਸਤਕ ਰੂਪ ਵਿਚ ਸਾਂਭਣ ਦੀ ਹਿੰਮਤ ਕੀਤੀ ਹੈ।

ਅੰਮ੍ਰਿਤਸਰ —ਪ੍ਰੀਤਮ ਸਿੰਘ
1-10-1977

ਦੂਜੀ ਛਾਪ ਦੀ ਭੂਮਿਕਾ

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵਾਂ ਦੀ ਪਹਿਲੀ ਛਾਪ ਨੂੰ ਮੁੱਕਿਆਂ ਬੜਾ ਚਿਰ ਹੋ ਗਿਆ ਸੀ, ਪਰ ਜਿਸ ਤਰ੍ਹਾਂ ਲੇਖਕ ਆਪਣੀਆਂ ਹੋਰ ਪੁਨਰ-ਛਾਪ ਲਈ ਤਰਸਦੀਆਂ ਰਚਨਾਵਾਂ ਵੱਲੋਂ ਅਵੇਸਲਾ ਰਿਹਾ ਹੈ, ਓਸੇ ਤਰ੍ਹਾਂ ਇਸ ਛੋਟੀ ਜਿਹੀ ਰਚਨਾ ਦੀ ਮੰਗ ਦੇ ਬਾਵਜੂਦ, ਇਸ ਦੀ ਨਵੀਂ ਛਾਪ ਤਿਆਰ ਕਰਨ ਵੱਲੋਂ ਵੀ ਬੇਧਿਆਨ ਰਿਹਾ ਹੈ। ਜਦ ਕਦੀ, ਇਸ ਰਚਨਾ ਤੋਂ ਲਾਭ ਉਠਾ ਚੁੱਕਾ ਕੋਈ ਖੋਜਾਰਥੀ ਜਾਂ ਅਧਿਆਪਕ ਜਾਂ ਕੋਈ ਲੇਖਕ-ਮਿੱਤਰ ਜਾਂ ਫ਼ੁਟਕਲ ਪਾਠਕ, ਇਸ ਨੂੰ ਬੀਜ-ਆਕਾਰੀ ਪਰ ਬਹੁ-ਪਾਸਾਰੀ ਰਚਨਾ ਦੱਸ ਕੇ ਵਡਿਆਉਂਦਾ ਜਾਂ ਸ. ਜਸਬੀਰ ਸਿੰਘ ਜਸ ਵਰਗਾ ਕੋਈ ਖੋਜੀ, ਇਸ ਰਚਨਾ ਨੂੰ ਆਪਣੇ ਖੋਜ-ਕਾਰਜ (*ਪੰਜਾਬੀ ਸੱਭਿਆਚਾਰ ਉੱਤੇ ਬਦੇਸੀ ਪ੍ਰਭਾਵ*, 1983, ਲੁਧਿਆਣਾ, ਦੀ ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ) ਦਾ ਆਧਾਰ ਦੱਸਦਾ ਹੋਇਆ ਆਪਣੀ ਰਚਨਾ ਮੈਨੂੰ ਪੇਸ਼ ਕਰਦਾ ਤਾਂ ਕੁੱਝ ਚਿਰ ਲਈ ਇਸ ਦੀ ਦੂਜੀ ਛਾਪ ਤਿਆਰ ਕਰਨ ਦੀ ਛਿਨ-ਭੰਗਰੀ ਕਾਂਗ ਉੱਠਦੀ, ਪਰ ਉਹ ਵੀ ਹੌਲੀ ਹੌਲੀ ਮੇਰੀ ਆਪਣੀਆਂ ਹੋਰ ਛਪ ਚੁੱਕੀਆਂ ਰਚਨਾਵਾਂ ਵੱਲ ਵਿਆਪਕ ਨਿਰਲੇਪਤਾ ਦਾ ਸ਼ਿਕਾਰ ਬਣ ਜਾਂਦੀ ਰਹੀ। ਇਹ ਤਾਂ ਭਲਾ ਹੋਵੇ ਸਿੰਘ ਬ੍ਰਦਰਜ਼ ਵਾਲੇ ਸ. ਗੁਰਸਾਗਰ ਸਿੰਘ ਦਾ, ਜਿਸ ਦੀ ਸਵੱਲੀ ਨਿਗਾਹ ਨੇ ਇਸ ਨੂੰ ਛਾਪਣਜੋਗ ਸਮਝ ਕੇ ਮੈਨੂੰ ਇਕ ਲੇਖ ਅੰਤ ਵਿਚ ਵਧਾਉਣ ਲਈ ਮਨਾ ਲਿਆ।

ਮੈਂ ਆਪਣੇ ਵੀਰ ਸਰਦਾਰ ਕਰਤਾਰ ਸਿੰਘ ਦੁੱਗਲ ਨੂੰ ਸਮਰਪਿਤ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ। ਆਸ ਹੈ ਕਬੂਲ ਕਰ ਕੇ ਨਿਵਾਜਣਗੇ।

ਨਵੀਂ ਛਾਪ ਵਿਚ ਬੜੇ ਵਾਧੇ ਕਰਨ ਦਾ ਖ਼ਿਆਲ ਸੀ, ਪਰ ਜਦ ਤੋਂ ਮੇਰੀਆਂ ਅੱਖਾਂ ਨੇ ਮੇਰੇ ਆਖੇ ਲੱਗਣਾ ਛੱਡ ਦਿੱਤਾ ਹੈ, ਓਦੋਂ ਤੋਂ ਮੇਰੇ ਬਹੁਤ ਸੰਕਲਪ ਸੁੰਗੜ ਕੇ ਰਹਿ ਗਏ ਹਨ। ਇਨ੍ਹਾਂ ਸੰਕਲਪਾਂ ਵਿਚ ਹੀ ਸੀ *ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵ* ਦਾ ਵਧਾਇਆ ਹੋਇਆ ਰੂਪ। ਮੇਰੇ ਵੱਲੋਂ ਉਹ ਸੰਕਲਪ ਹੁਣ ਪੂਰੀ ਤਰ੍ਹਾਂ ਸੰਤੋਖਿਆ ਜਾ ਚੁੱਕਾ ਹੈ। ਯੋਗ ਪਰ ਕੁੱਝ ਹੋਰ ਵਾਧੇ ਹੋਏ ਦੱਸਣਗੇ, ਜਿਵੇਂ ਵਰਤੀਆਂ ਗਈਆਂ ਕਿਤਾਬਾਂ ਦੀ ਭਾਸ਼ਾ ਵਾਰ ਸੂਚੀ ਵਧਾ ਦਿੱਤੀ ਗਈ ਹੈ ਤੇ ਇਸ ਦੀ ਵਰਤੋਂ ਨੂੰ ਹੋਰ ਸੌਖਾ ਬਣਾਉਣ ਲਈ ਅੰਤ ਵਿਚ ਨਾਵਾਂ ਤੇ ਮੁੱਦਿਆਂ ਦੇ ਬਿਉਰੇ ਵੀ ਦੇ ਦਿੱਤੇ ਗਏ ਹਨ। ਆਸ ਹੈ ਇਨ੍ਹਾਂ ਵਾਧਿਆਂ ਨਾਲ ਇਸ ਰਚਨਾ ਦੀ ਉਪਯੋਗਤਾ ਵਿਚ ਅੱਗੇ ਨਾਲੋਂ ਕੁੱਝ ਵਾਧਾ ਮਹਿਸੂਸ ਕੀਤਾ ਜਾਵੇਗਾ।

ਸ਼ਖ਼ਸੀਅਤਾਂ ਤੇ ਅਸਥਾਨਾਂ ਦੀਆਂ ਸੂਚੀਆਂ ਅਤੇ ਵਰਤੀਆਂ ਪੁਸਤਕਾਂ ਦੀਆਂ ਸੂਚੀਆਂ ਲਈ ਲੇਖਕ ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ, ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੇ ਡਾ. ਰੂਪਿੰਦਰ ਕੌਰ, ਕਾਨੂੰਨ ਯੂਨੀਵਰਸਿਟੀ, ਪਟਿਆਲਾ ਦਾ ਸ਼ੁਕਰਗੁਜ਼ਾਰ ਹਾਂ ਤੇ ਕਿਤਾਬ ਦੀ ਟਾਈਪ-ਕਾਪੀ ਤਿਆਰ ਕਰਨ ਲਈ ਮਿਸ ਸਲੋਨੀ ਚਾਵਲਾ ਦਾ।

ਪਟਿਆਲਾ —ਪ੍ਰੀਤਮ ਸਿੰਘ

11-10-2008

ਇਸ ਪੋਥੀ ਲਈ 'ਪੰਜਾਬ' ਦਾ ਸੰਕਲਪ

ਹੁਣ ਦੇ ਕਿਸੇ ਵੀ ਭਾਰਤੀ ਲਈ, ਵਾਘੇ ਤੇ ਹੁਸੈਨੀਵਾਲੇ ਤੋਂ ਉਰੇ ਉਰੇ ਦੇ, ਹਿਮਾਚਲ, ਹਰਿਆਣੇ ਤੇ ਰਾਜਸਥਾਨ ਨਾਲ ਘਿਰੇ ਇਲਾਕੇ ਦਾ ਨਾਂ 'ਪੰਜਾਬ' ਹੈ; ਹੁਣ ਦੇ ਕਿਸੇ ਵੀ ਪਾਕਿਸਤਾਨੀ ਲਈ ਵਾਘੇ ਤੇ ਹੁਸੈਨੀਵਾਲੇ ਤੋਂ ਪਰੇ ਪਰੇ ਦੇ, ਕਸ਼ਮੀਰ, ਸੂਬਾ ਸਰਹੱਦ ਤੇ ਸਿੰਧ ਨਾਲ ਘਿਰੇ ਇਲਾਕੇ ਦਾ ਨਾਂ 'ਪੰਜਾਬ' ਹੈ। ਜਾਣਕਾਰ ਜਾਣਦੇ ਹਨ ਕਿ ਅੰਤਰ-ਰਾਸ਼ਟਰੀ ਸੀਮਾ ਦੇ ਉਰਾਰ ਤੇ ਪਾਰ ਵਾਲੇ ਪੰਜਾਬਾਂ ਤੋਂ ਛੁੱਟ, ਹੋਰ ਇਲਾਕੇ ਵੀ ਹਨ, ਜੋ ਅਸਲ ਵਿਚ ਪੰਜਾਬੀ ਹਨ, ਪਰ ਰਾਜਨੀਤਿਕ ਜਾਂ ਰਾਜ-ਪ੍ਰਬੰਧਿਕ ਸਰਹੱਦਾਂ ਨੇ ਇਨ੍ਹਾਂ ਨੂੰ ਸਮੁੱਚੇ ਪੰਜਾਬ ਤੋਂ ਅੱਡ ਰੱਖਿਆ ਹੋਇਆ ਹੈ। ਸਮੁੱਚੇ ਪੰਜਾਬੀ ਭਾਸ਼ੀ ਇਲਾਕੇ ਦੀਆਂ ਸਮੇਂ-ਸਮੇਂ ਬਦਲਦੀਆਂ ਸਰਹੱਦਾਂ ਦਾ ਇਤਿਹਾਸ ਲੰਮਾ ਵੀ ਹੈ ਤੇ ਰੌਚਕ ਵੀ ਅਤੇ ਕਈਆਂ ਨੂੰ ਸ਼ਾਇਦ ਦੁਖਦਾਇਕ ਵੀ ਲੱਗਦਾ ਹੋਵੇ, ਪਰ ਹਥਲੇ ਜਤਨ ਦੇ ਸੰਕੁਚਿਤ ਖੇਤਰ ਦੀ ਮਜਬੂਰੀ ਇਸ ਦੇ ਵਿਸਤਾਰ ਵਿਚ ਜਾਣ ਦੀ ਆਗਿਆ ਨਹੀਂ ਦੇਂਦੀ। ਮੌਜੂਦਾ ਪ੍ਰਸੰਗ ਵਿਚ, ਇਹੀ ਕਹਿਣਾ ਕਾਫ਼ੀ ਹੋਵੇਗਾ ਕਿ ਅਸੀਂ ਉਸ ਸਾਰੇ ਅਖੰਡ ਪੱਛਮੋਤਰੀ ਮੈਦਾਨੀ, ਪਹਾੜੀ ਤੇ ਥਲੀ ਭੂ-ਖੰਡ ਨੂੰ, ਜਿਸ ਵਿਚ ਪੰਜਾਬੀ ਭਾਸ਼ਾ ਜਾਂ ਉਸ ਦੀ ਕੋਈ ਵੀ ਉਪ-ਭਾਸ਼ਾ ਬੋਲੀ ਜਾਂਦੀ ਹੈ ਜਾਂ ਬੋਲੀ ਜਾਂਦੀ ਰਹੀ ਹੈ ਤੇ ਜਿਸ ਦੀ ਰਹਿਤ-ਬਹਿਤ ਪੰਜਾਬੀ ਹੈ, 'ਪੰਜਾਬ' ਮੰਨਿਆ ਹੈ, ਚਾਹੇ ਰਾਜਨੀਤਿਕ ਜਾਂ ਰਾਜ-ਪ੍ਰਬੰਧਿਕ ਤੌਰ ਉੱਤੇ, ਉਸ ਦੇ ਇਸ ਤਰ੍ਹਾਂ ਦੇ ਕਿਸੇ ਹੱਕੀ ਭਾਗ ਦਾ, ਇਸ ਵੇਲੇ ਦੇ ਪੰਜਾਬੀ ਭੂ-ਖੰਡ ਨਾਲ, ਅਵਿਰਲ ਜੋੜ ਜੁੜਿਆ ਹੋਇਆ ਹੈ ਜਾਂ ਨਹੀਂ। ਇਸ ਲਈ, ਇਸ ਅਧਿਐਨ ਦੀਆਂ ਲੋੜਾਂ ਤੇ ਪੰਜਾਬ ਦੇ ਪ੍ਰਾਚੀਨ ਇਤਿਹਾਸ ਦੀਆਂ ਟੁੱਟਦੀਆਂ-ਭੱਜਦੀਆਂ ਸੀਮਾ-ਬੰਦੀਆਂ[1] ਦੇ ਕਾਰਨ, ਸਾਨੂੰ ਬਹੁਤ ਵਾਰੀ, ਨਿਰੋਲ 'ਪੰਜਾਬ' ਦੀ ਥਾਂ, ਇਸ ਦੇ ਨਾਲ ਲੱਗਦੇ ਕੁੱਝ ਹੋਰ ਇਲਾਕਿਆਂ ਨੂੰ ਸਮਿਲਿਤ ਕਰਨ ਵਾਲੇ 'ਪੱਛਮੋਤਰ' ਸ਼ਬਦ ਦੀ ਵਰਤੋਂ ਨੂੰ ਤਰਜੀਹ ਦੇਣੀ ਪਈ ਹੈ।

---

1. ਪ੍ਰਾਚੀਨ ਪੰਜਾਬ ਦੀਆਂ ਸਰਹੱਦਾਂ ਦੀ ਟੁੱਟ ਭੱਜ ਦੇ ਵਿਸਤਾਰ ਲਈ, ਵੇਖੋ, ਡਾ. ਬੁੱਧ ਪ੍ਰਕਾਸ਼ ਕ੍ਰਿਤ *Glimpses of Ancient Punjab*, (1966), ਪਟਿਆਲਾ, ਪੰਜਾਬੀ ਯੂਨੀਵਰਸਿਟੀ।

ਖੋਜ ਸਾਮੱਗਰੀ ਦੀ ਥੁੜ

ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸੀ ਪ੍ਰਭਾਵਾਂ ਨੂੰ ਨਿਖੇੜਨ ਦੀ ਸਮੱਸਿਆ ਵਿਸ਼ਾਲ ਵੀ ਹੈ ਤੇ ਜਟਿਲ ਵੀ, ਕਿਉਂਕਿ ਇਹ ਕਹਾਣੀ ਪੂਰਵ-ਇਤਿਹਾਸਿਕ ਸਮੇਂ ਤੋਂ ਲੈ ਕੇ ਅੱਜ ਤਕ ਚੱਲਦੀ ਹੈ। ਦੂਜੇ, ਤਸੱਲੀ-ਬਖ਼ਸ਼ ਅਗਵਾਈ ਦੇਣ ਵਾਲੀ ਇਤਿਹਾਸਿਕ ਸਾਮੱਗਰੀ ਦੀ ਅਣਹੋਂਦ ਜਾਂ ਸੰਭਾਲ ਵੱਲੋਂ ਲਾਪਰਵਾਹੀ ਦੇ ਕਾਰਨ, ਖੋਜੀਆਂ ਨੂੰ ਠੀਕ ਨਤੀਜਿਆਂ ਉੱਤੇ ਪਹੁੰਚਣ ਲਈ ਅਨੇਕ ਵੱਖ ਵੱਖ ਟੁਕੜੇ ਜੋੜ ਜੋੜ ਕੇ ਅਨੁਮਾਨ ਜਾਂ ਕਲਪਨਾ ਦੀ ਸ਼ਰਨ ਲੈਣੀ ਪੈਂਦੀ ਹੈ; ਇਸੇ ਲਈ, ਗਧਾਰੀ ਕਲਾ ਦਾ ਰੰਗ ਇਕ ਨੂੰ ਯੂਨਾਨੀ ਤੇ ਦੂਜੇ ਨੂੰ ਰੂਮੀ ਦਿੱਸਣ ਲੱਗ ਪੈਂਦਾ ਹੈ;[1] ਅਤੇ ਜੇ ਕੱਲ੍ਹ ਨੂੰ ਪੁਰਾਤਤ੍ਵ ਵਿਭਾਗ ਵਾਲਿਆਂ ਦੀ ਗੈਂਤੀ ਕਿਸੇ ਐਸੀ ਥਾਂ ਜਾ ਪਈ, ਜਿਥੋਂ ਦੋ ਚਾਰ ਨਮੂਨੇ ਈਰਾਨੀ ਵਜਹ ਦੇ ਨਿਕਲ ਆਏ ਤਾਂ ਕੋਈ ਵੱਡੀ ਗੱਲ ਨਹੀਂ ਇਹ ਕਲਚਰ ਈਰਾਨੀ ਰੰਗ ਵਿਚ ਪੇਸ਼ ਕੀਤਾ ਜਾਣ ਲੱਗ ਪਵੇ! ਜਦੋਂ ਸਮਾਂ ਆਪਣੀ ਕਾਲੀ-ਬੋਲੀ ਚਾਦਰ ਕਾਫ਼ੀ ਦੇਰ ਕਿਸੇ ਕਲਚਰ ਦੇ ਦੁਆਲੇ ਵਲ੍ਹੇਟੀ ਰੱਖੇ ਤਾਂ ਦੇਸੀ-ਬਦੇਸੀ ਦਾ ਪੂਰਾ ਨਿਖੇੜ ਔਖਾ ਹੋ ਜਾਂਦਾ ਹੈ, ਪਰ ਜਦੋਂ ਕਿਸੇ ਵਿਚਾਰ, ਸ਼ਬਦ, ਕਥਾ ਜਾਂ ਵਸਤੂ ਦੇ ਬਦੇਸੀ ਪਿਛੋਕੜ ਤੇ ਉਸ ਦੇ ਪ੍ਰਵੇਸ਼ ਦਾ ਇਤਿਹਾਸ ਲੱਭ ਪਵੇ, ਤਾਂ ਇਉਂ ਵੀ ਹੋ ਸਕਦਾ ਹੈ ਕਿ ਜਿਸ ਦੇਸ ਨਾਲ ਉਸ ਦਾ ਸੰਬੰਧ ਜੁੜਦਾ ਹੈ, ਉਸ ਨੇ ਉਸ ਵਸਤ ਅੱਗੋਂ ਕਿਸੇ ਹੋਰ ਤੋਂ ਅਤੇ ਉਸ ਅਗਲੇ ਨੇ ਹੋਰ ਅਗੇਰਿਓਂ ਕਿਸੇ ਤੋਂ ਫੜੀ ਹੋਵੇ।[2] ਇਸ ਤੋਂ ਛੁੱਟ ਇਕ

---

1. ਪੱਛਮੋਤਰ ਦੀਆਂ ਪ੍ਰਾਚੀਨ ਨਿਸ਼ਾਨੀਆਂ ਬਾਰੇ ਸਰ ਜੇ.ਐਚ. ਮਾਰਸ਼ਲ ਕਹਿੰਦੇ ਹਨ:
"The antiquities which these Eurasian Greeks and their immediate successors, the scytho-parthians, have bequeathed to us, are not numerous, but one and all consistently bear witness to the strong hold which Hellenistic art must have taken upon this part of India." *The Cambridge History of India*, Vol. I, (1968), New Delhi, S. Chand & Co., p. 584.
ਇਸ ਦੇ ਉਲਟ ਆਰ.ਏ. ਜੈਰਾਜ਼ਭਾਈ ਦਾ ਦਾਅਵਾ ਹੈ:
"At least it is now established that the architectural features that appear in the sculptures of Gandhara art are derived not from Greck but from Roman art..." *Foreign Influence in Ancient India*, (1963), New Delhi, Asia Publishing House, p. 128.
2. Similarly the Barlaam and Josaphas story composed in the 6th Century A.D. by a Christian on the basis of the Buddha legend, possibly through the Lalita Vistara, was translated from the Pahlave into Arabic and Syriac, thence into Gregorian and Greek, and late still into Hebrew, Ethiopian, Armenian, Russian, Rumanian and other European Languages." E. Kuhu, as cited by Jairazbhoy, p. 93.

ਹੋਰ ਅਮਲ ਵੀ ਵਾਪਰਦਾ ਹੈ; ਜਿਉਂ ਹੀ ਕੋਈ ਜਨ-ਸਮੂਹ ਕਿਸੇ ਬਦੇਸੀ ਚੀਜ਼ ਨੂੰ ਅਪਣਾਉਂਦਾ ਹੈ, ਉਸ ਦੀ ਆਪਣੀ ਪ੍ਰਤਿਭਾ, ਝੱਟ ਹੀ, ਉਸ ਦਾ ਦੇਸੀਕਰਨ ਆਰੰਭ ਕਰ ਦੇਂਦੀ ਹੈ। ਕੁੱਝ ਸਮੇਂ ਪਿੱਛੋਂ ਉਸ ਨੂੰ ਬਦੇਸੀ ਕਹਿਣਾ ਹੀ ਔਖਾ ਹੋ ਜਾਂਦਾ ਹੈ। ਜਦੋਂ ਪ੍ਰਭਾਵ-ਨਿਖੇੜਨ ਦਾ ਕਾਰਜ ਪੰਜਾਬ ਵਰਗੇ ਇਲਾਕੇ ਬਾਰੇ ਕੀਤਾ ਜਾਣਾ ਹੋਵੇ, ਜਿਥੇ ਜੰਮਣ ਵਾਲਿਆਂ ਨੂੰ ਨਿੱਤ ਬਾਹਰਲੀਆਂ ਮੁਹਿੰਮਾਂ ਨਾਲ ਹੀ ਵਾਹ ਪੈਂਦਾ ਰਿਹਾ ਹੈ, ਓਥੇ ਪ੍ਰਭਾਵ ਦੀ ਹਰ ਤਹਿ ਨੂੰ ਨਿਖੇੜ ਕੇ ਵੱਖ ਵੱਖ ਕਰਨਾ ਸੌਖਾ ਨਹੀਂ ਹੋ ਸਕਦਾ। ਇਸ ਲਈ, ਇਸ ਪੁਸਤਕਾ ਵਿਚ ਬਹੁਤ ਬਾਰੀਕੀ ਵਿਚ ਪੈਣ ਦੀ ਥਾਂ, ਨਮੂਨੇ-ਮਾਤਰ, ਪ੍ਰਭਾਵਾਂ ਦੀਆਂ ਕੁੱਝ ਪਰਤਾਂ ਵੱਲ ਹੀ ਧਿਆਨ ਦਿੱਤਾ ਗਿਆ ਹੈ।

ਆਰੀਆ ਜਾਤੀ ਦਾ ਪ੍ਰਭਾਵ

ਮੋਇਓਂ-ਜੋ-ਦੜੋ (ਮੋਇਆਂ ਦਾ ਥੜਾ) (ਸਿੰਧ) ਜਾਂ ਹੜੱਪਾ (ਪੰਜਾਬ) ਦੇ ਮੁੱਢਲੇ ਵਾਸੀਆਂ ਦੀ ਸੰਤਾਨ ਵਿੱਚੋਂ ਕਿਸੇ ਨੇ ਇਸ ਅਧਿਐਨ ਦੇ ਵਿਸ਼ੇ ਬਾਰੇ ਲਿਖਣਾ ਹੁੰਦਾ ਤਾਂ ਸ਼ਾਇਦ ਉਸ ਨੇ ਇਸ ਦੇਸ ਉੱਤੇ ਪਹਿਲਾ ਵੱਡਾ ਬਦੇਸੀ ਪ੍ਰਭਾਵ ਆਰੀਆ ਜਾਤੀ ਦਾ ਮੰਨਣਾ ਸੀ ਤੇ ਦੱਸਣਾ ਸੀ ਕਿ ਕਿਵੇਂ ਘੋੜਿਆਂ ਤੇ ਰਥਾਂ ਉੱਤੇ ਚੜ੍ਹ ਕੇ ਆਉਣ ਵਾਲੇ ਇਸ ਜਾਤੀ ਦੇ ਚਿਟ-ਚਮੜੀਏ ਲੋਕਾਂ ਨੇ ਵੱਸਦੇ-ਰੱਸਦੇ ਕਾਲੀ ਚਮੜੀ ਵਾਲੇ ਲੋਕਾਂ ਦੇ ਘਰ-ਘਾਟ ਖੋਹੇ, ਉਨ੍ਹਾਂ ਉੱਤੇ ਆਪਣੀ ਬੋਲੀ, ਆਪਣੇ ਦੇਵੀ-ਦੇਵਤੇ ਅਤੇ ਆਪਣੀਆਂ ਰੀਤਾਂ ਠੋਸੀਆਂ, ਪਰ ਉਨ੍ਹਾਂ ਦੀ ਬਦਕਿਸਮਤੀ ਨੂੰ ਇਹ ਲੇਖ ਇਕ ਆਰੀਆ-ਪੁੱਤਰ ਨੂੰ ਲਿਖਣਾ ਪੈ ਰਿਹਾ ਹੈ, ਇਸ ਲਈ ਉਸ ਦੀ ਆਰੰਭ-ਰੇਖਾ ਆਰੀਆ-ਜਾਤੀ ਦੇ ਭਰਪੂਰ ਵਸੇਬੇ ਵਾਲੇ ਪੰਜਾਬ ਦੀ ਹੈ, ਚਾਹੇ ਉਸ ਵਿਚ ਮੋਇਓਂ-ਜੋ-ਦੜੋ ਤੇ ਹੜੱਪਾ ਦੇ ਲੋਕਾਂ ਦੀ ਤਹਿਜ਼ੀਬ ਦੇ ਅੰਸ਼ਾਂ ਤੋਂ ਲੈ ਕੇ ਸੁਮੇਰੀ, ਫ਼ਿਨਿਕੀ ਅਤੇ ਮਿਸਰੀ, ਆਦਿ ਪੁਰਾਕਾਲੀ ਤਹਿਜ਼ੀਬਾਂ ਦੇ ਅੰਸ਼ ਵੀ ਪਏ ਮੌਜੂਦ ਹੋਣ। ਏਥੇ ਇਹ ਵੀ ਸਪੱਸ਼ਟ ਹੋ ਜਾਵੇ ਤਾਂ ਅੱਛਾ ਹੋਵੇਗਾ ਕਿ ਕਈ ਵਾਰੀ, ਕੋਈ ਪ੍ਰਭਾਵ, ਇਕੱਲੇ ਪੰਜਾਬ ਦੀ ਥਾਂ ਸਮੁੱਚੇ ਭਾਰਤ ਉੱਤੇ ਸਾਂਝਾ ਪਿਆ ਹੁੰਦਾ ਹੈ, ਐਸੀ ਹਾਲਤ ਵਿਚ, ਭਾਰਤ-ਵਿਆਪੀ ਪ੍ਰਭਾਵ ਦਾ ਜ਼ਿਕਰ ਇਸ ਲੇਖ ਲਈ ਅਸੰਗਤ ਨਹੀਂ ਮੰਨਿਆ ਗਿਆ।

ਪ੍ਰਾਚੀਨ ਇਤਿਹਾਸ ਦੇ ਯੂਨਾਨੀ, ਰੋਮਨ ਤੇ ਅਰਬੀ-ਫ਼ਾਰਸੀ ਸੋਮੇ

ਸਿੰਧ, ਜਿਹਲਮ, ਝਨਾਂ, ਰਾਵੀ, ਬਿਆਸ, ਸਤਲੁਜ ਤੇ ਘੱਗਰ ਆਦਿ ਨਦੀਆਂ ਦੇ ਪਾਣੀਆਂ ਨਾਲ ਆਪਣੀ ਤ੍ਰੇਹ ਬੁਝਾਉਣ ਵਾਲਾ ਅਵਿਰਲ ਪੰਜਾਬੀ ਭੂ-ਖੰਡ, ਭੂਗੋਲਿਕ ਤੌਰ ਉੱਤੇ ਇਸ ਤਰ੍ਹਾਂ ਵਾਕਿਆ ਹੈ ਕਿ ਪੱਛਮੋਤਰੀ ਦੱਰਿਆਂ ਜਾਂ ਸਿੰਧ ਨਦੀ ਦੇ ਦਹਾਨੇ ਰਾਹੀਂ, ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਬਹੁਤ ਬਦੇਸੀ ਇਸ ਦੇ ਕਿਸੇ ਨਾ ਕਿਸੇ ਭਾਗ ਦੇ ਵਿੱਚੋਂ ਦੀ ਲੰਘਣ ਉੱਤੇ ਮਜਬੂਰ ਹੁੰਦੇ ਸਨ। ਬੜੇ ਪ੍ਰਾਚੀਨ ਸਮੇਂ ਤੋਂ ਈਰਾਨੀ, ਯੂਨਾਨੀ, ਸ਼ੱਕ, ਯੂਈ ਚੀ (ਕੁਸ਼ਾਣ), ਹੂਣ, ਤੁਰਕ, ਅਰਬ, ਪਠਾਣ, ਮੁਗ਼ਲ ਆਦਿ ਬਦੇਸੀ ਲੋਕ, ਮਿਚਨੀ, ਖ਼ੈਬਰ, ਟੋਚੀ, ਗੋਮਲ, ਬੋਲਾਨ, ਮੂਲਾ, ਸਿੱਬੀ, ਲਾਸ-ਬੇਲਾ ਆਦਿ ਵਾਲੇ ਪਹਾੜੀ ਰਸਤੇ ਆਵਾਜਾਈ ਲਈ ਵਰਤਦੇ ਰਹੇ।[1] ਆਉਣ ਵਾਲਿਆਂ ਵਿਚ ਵਪਾਰੀ ਹੁੰਦੇ ਸਨ ਜਾਂ ਫ਼ੌਜੀ, ਪਰ ਅਨੇਕ ਸੰਤ-ਸੂਫ਼ੀ, ਸੈਲ-ਸਪਾਟੀਏ, ਵਿਦਿਆਰਥੀ ਤੇ ਅਧਿਆਪਕ ਵੀ ਇਨ੍ਹਾਂ ਰਾਹਾਂ ਉੱਤੋਂ ਦੀ ਆਉਂਦੇ ਰਹੇ। ਇਨ੍ਹਾਂ ਵਿੱਚੋਂ ਕਈਆਂ ਨੇ ਪੱਛਮੋਤਰ ਅਰਥਾਤ ਸਿੰਧ-ਪੰਜਾਬ ਦੀ ਧਰਤੀ ਤੇ ਇਸ ਦੇ ਲੋਕਾਂ ਬਾਰੇ, ਅੱਖੀਂ-ਡਿੱਠੀਆਂ ਯਾਦਦਾਸ਼ਤਾਂ ਛੱਡੀਆਂ ਹਨ। ਐਸੀਆਂ ਲਿਖਤਾਂ ਵੀ ਬਹੁਤ ਹਨ, ਜਿਨ੍ਹਾਂ ਵਿਚ ਏਥੋਂ ਮੁੜ ਕੇ ਗਏ ਯਾਤਰੂਆਂ, ਸੈਨਿਕਾਂ ਜਾਂ ਜਹਾਜ਼ੀਆਂ ਪਾਸੋਂ ਸੁਣੇ-ਸੁਣਾਏ ਹਾਲਾਤ ਦਿੱਤੇ ਹੋਏ ਮਿਲਦੇ ਹਨ।[2] ਯੂਨਾਨੀ ਤੇ ਅਰਬੀ ਵਿਚ ਲਿਖਣ ਵਾਲਿਆਂ ਦੀਆਂ ਇਸ ਤਰ੍ਹਾਂ ਦੀਆਂ ਲਿਖਤਾਂ ਵਿਚ ਅਨੇਕ ਗੱਲਾਂ ਕਲਪਨਾ ਦੇ ਕੰਧਾੜਿਆਂ ਉੱਤੇ ਚੜ੍ਹ ਕੇ ਸਾਡੇ ਤਕ ਪਹੁੰਚੀਆਂ ਹਨ। ਹੈਰੋਡੋਟਸ, ਆਪਣੇ *ਇਤਿਹਾਸ* ਵਿਚ ਈਰਾਨ ਦੇ ਦੱਖਣ ਵਿਚ ਰਹਿੰਦੇ ਕਿਸੇ ਕਬੀਲੇ ਬਾਰੇ ਕਹਿੰਦਾ ਹੈ ਕਿ "ਇਹ ਹਿੰਦੋਸਤਾਨੀ, ਰੜੇ-ਮਦਾਨ, ਡੰਗਰਾਂ ਵਾਂਗ ਭੋਗ-ਬਿਲਾਸ ਕਰਦੇ ਹਨ; ਇਨ੍ਹਾਂ ਦਾ ਰੰਗ ਅਸਲੋਂ ਹਬਸ਼ੀਆਂ ਵਰਗਾ ਹੁੰਦਾ ਹੈ। ਹੋਰਨਾਂ ਲੋਕਾਂ ਵਾਂਗ, ਇਨ੍ਹਾਂ ਦਾ ਵੀਰਜ ਚਿੱਟਾ ਨਹੀਂ, ਬਲਕਿ ਇਨ੍ਹਾਂ ਦੇ ਰੰਗ ਵਰਗਾ ਕਾਲਾ ਹੁੰਦਾ ਹੈ; ਹਬਸ਼ੀਆਂ ਦਾ ਵੀਰਜ ਵੀ ਅਜੇਹਾ ਹੀ ਹੁੰਦਾ ਹੈ[3]...; ਵਾਕਿਦੀ, ***ਸਿੰਧ ਦੇਸ ਦੇ ਪਰਾਜਿਤ ਹੋਣ ਦੀ ਕਹਾਣੀ*** ਵਿਚ,

---

1. ਪੱਛਮ ਨਾਲ ਭਾਰਤ ਦੇ ਸੰਪਰਕ-ਰਸਤਿਆਂ ਲਈ, ਵੇਖੋ, *Trade and Trade Routes in Ancient India*, ਕ੍ਰਿਤ ਡਾ. ਮੋਤੀ ਚੰਦ, (1977), ਦਾ ਪਹਿਲਾ ਅਧਿਆਇ, 'Ancient Trade Routes'।
2. ਪ੍ਰਾਚੀਨ ਯੂਨਾਨੀ ਤੇ ਲਾਤੀਨੀ ਲੇਖਕਾਂ ਦੇ ਚੋਣਵੇਂ ਮੂਲ ਦੇ ਅੰਗਰੇਜ਼ੀ ਅਨੁਵਾਦ ਲਈ ਡਾ. ਆਰ.ਸੀ. ਮਜੂਮਦਾਰ ਦੀ ਕਿਤਾਬ *The Classical Accounts of India*, (1960), ਕਲਕੱਤਾ ਤੇ ਅਰਬੀ ਲੇਖਕਾਂ ਦੇ ਚੋਣਵੇਂ ਮੂਲ ਦੇ ਉਰਦੂ ਅਨੁਵਾਦ ਲਈ, ਵੇਖੋ, ***ਹਿੰਦੋਸਤਾਨ ਅਰਬੋਂ ਕੀ ਨਜ਼ਰ ਮੇਂ***, ਜਿਲਦ ਪਹਿਲੀ, (1960) ਤੇ ਜਿਲਦ ਦੂਜੀ (1962)।
3. *The Classical Accounts of India*, p. 2.

ਚਹੁੰ-ਕੂਟੀਂ ਖਿੱਲਰੇ ਆਦਮ-ਵਾਧੇ ਵਿੱਚੋਂ ਇਕ ਇਕ ਬੰਦੇ ਦੇ, ਘਰ ਬੈਠਿਆਂ ਦਰਸ਼ਨ ਕਰਾਉਣ ਵਾਲੇ ਹਿੰਦੋਸਤਾਨੀ ਸ਼ੀਸ਼ੇ ਦਾ ਜ਼ਿਕਰ ਕਰਦਾ ਹੈ;[4] ਬਜ਼ੁਰਗ-ਬਿਨ-ਸ਼ਹਿਰਯਾਰ ਨਾਖ਼ੁਦਾ, ਆਪਣੀ ਕਿਤਾਬ *ਅਜਾਇਬੁਲ-ਹਿੰਦ* ਵਿਚ, ਨਾਰੀਅਲ ਜਿੱਡੇ ਰੁੱਖ ਨਾਲ ਲੱਗਣ ਵਾਲੇ ਚਿਟ-ਸੂਹੇ ਫੁੱਲ ਦਾ ਵਰਣਨ ਕਰਦਾ ਹੈ, ਜਿਸ ਦੀਆਂ ਪੱਤੀਆਂ ਉੱਤੇ, ਕੁਦਰਤ ਵੱਲੋਂ ਕਲਿਮਾ ਛਪਿਆ ਮਿਲਦਾ ਹੈ[5] ਜਾਂ ਭੂਰੇ ਸੱਪ ਦੀ ਗੱਲ ਸੁਣਾਉਂਦਾ ਹੈ, ਜਿਸ ਅਨੁਸਾਰ ਸੱਪ ਕਿਸੇ ਬੰਦੇ ਨੂੰ ਪਹਿਲਾਂ ਵੇਖ ਲਵੇ ਤਾਂ ਸੱਪ ਚਿੱਤ, ਪਰ ਜੇ ਕਿਤੇ ਰੱਬ-ਸਬੱਬੀ, ਦੋਵੇਂ ਇਕ ਦੂਜੇ ਨੂੰ ਇੱਕੋ ਵੇਲੇ, ਵੇਖ ਲੈਣ ਤਾਂ ਦੁਹਾਂ ਨੂੰ ਉਸ ਵੇਲੇ ਢੇਰੀ ਹੋਣਾ ਪੈਂਦਾ ਹੈ।[6] ਇਸ ਤਰ੍ਹਾਂ ਦੀਆਂ ਗੱਲਾਂ ਨੂੰ ਗਲਪ ਜਾਂ ਗੱਪ ਦੀ ਸ਼੍ਰੇਣੀ ਵਿਚ ਰੱਖਣਾ ਹੀ ਯੋਗ ਹੈ। ਫੇਰ ਵੀ, ਜੇ ਬਦੇਸੀਆਂ ਦੀਆਂ ਲਿਖਤਾਂ ਨਾ ਹੁੰਦੀਆਂ ਤਾਂ ਕਿਸੇ ਵੀ ਆਧੁਨਿਕ ਇਤਿਹਾਸਕਾਰ ਲਈ, ਪੱਛਮੋਤਰ ਦੇ ਇਤਿਹਾਸ ਦਾ ਪੁਨਰ-ਗਠਨ ਜਾਂ ਪੁਨਰ-ਨਿਰਮਾਣ ਅਸੰਭਵ ਹੁੰਦਾ। ਇਨ੍ਹਾਂ ਬਦੇਸੀਆਂ ਨੇ ਆਪੋ-ਆਪਣੇ ਸਮੇਂ ਦੇ 'ਸਿੰਧ' ਜਾਂ 'ਹਿੰਦ' ਬਾਰੇ ਕੁੱਝ ਨਾ ਕੁੱਝ ਲਿਖਿਆ ਹੈ ਅਤੇ ਕਿਉਂਕਿ ਪ੍ਰਾਚੀਨ ਸਿੰਧ, ਸੂਬਾ ਸਰਹੱਦ ਤੇ ਪੰਜਾਬੀ ਦੀਆਂ ਸਰਹੱਦਾਂ, ਆਪਸ ਵਿਚ ਬਹੁਤ ਖ਼ਲਤ-ਮਲਤ ਹੁੰਦੀਆਂ ਰਹੀਆਂ ਹਨ (ਮੁਲਤਾਨ ਦਾ ਇਲਾਕਾ ਤਾਂ, ਕਈ ਸਦੀਆਂ, ਅਸਲੋਂ ਸਿੰਧ ਦਾ ਭਾਗ ਹੀ ਮੰਨਿਆ ਜਾਂਦਾ ਰਿਹਾ), ਇਸ ਲਈ ਅੱਖੀਂ-ਡਿੱਠੇ ਹਾਲ ਲਿਖਣ ਵਾਲਿਆਂ ਜਾਂ ਸੁਣੀਆਂ-ਸੁਣਾਈਆਂ ਗੱਲਾਂ ਤੋਂ ਸਾਡੇ ਦੇਸ ਬਾਰੇ ਲਿਖਣ ਵਾਲਿਆਂ ਦੀਆਂ ਲਿਖਤਾਂ, ਹੁਣ ਵਾਲੇ ਪੰਜਾਬੀ-ਭਾਸ਼ੀ ਇਲਾਕੇ ਦੇ ਕਿਸੇ ਨਾ ਕਿਸੇ ਹਿੱਸੇ ਦੇ ਕਿਸੇ ਨਾ ਕਿਸੇ ਪੱਖ ਉੱਤੇ ਜ਼ਰੂਰ ਚਾਨਣ ਪਾਉਂਦੀਆਂ ਹਨ। ਨਿਰੋਲ ਯੂਨਾਨੀ ਤੇ ਰੋਮਨ ਸਰੋਤਾਂ ਤਕ ਹੀ ਸੀਮਿਤ ਰਹੀਏ ਤਾਂ ਵੀ ਰਾਜਨੀਤਿਕ ਇਤਿਹਾਸ ਤੇ ਵਿਧਾਨਕ ਪ੍ਰਣਾਲੀਆਂ, ਰਾਜ-ਪ੍ਰਬੰਧਕ ਸੰਸਥਾਵਾਂ, ਸੈਨਿਕ ਸਾਮੱਗਰੀ ਤੇ ਜੁੱਧ ਦੀ ਨਿਯਮਾਵਲੀ, ਪ੍ਰਾਕ੍ਰਿਤਿਕ ਤੇ ਆਰਥਿਕ ਭੂਗੋਲ, ਵਣਜ-ਵਪਾਰ, ਸਮਾਜਿਕ ਤੇ ਆਰਥਿਕ ਵਿਵਸਥਾ, ਸਦਾਚਾਰ ਤੇ ਧਰਮ, ਅਤੇ ਰਾਜਿਆਂ ਤੇ ਜਨਤਾ ਦੇ ਸਾਧਾਰਣ ਵਿਹਾਰ ਤੇ ਰੀਤੀਆਂ ਬਾਰੇ ਕੁੱਝ ਨਾ ਕੁੱਝ ਸਾਮੱਗਰੀ ਮਿਲ ਜਾਂਦੀ ਹੈ।[7] ਇਨ੍ਹਾਂ ਨਾਲੋਂ ਅਰਬੀ-ਫ਼ਾਰਸੀ ਸਰੋਤ ਬਹੁਤੇ ਨੇੜੇ ਦੇ ਤੇ ਲਗਾਤਾਰ ਕਈ ਸਦੀਆਂ ਦੇ ਪ੍ਰਾਪਤ ਹਨ, ਇਸ ਲਈ ਉਨ੍ਹਾਂ ਵਿਚਲੀ ਸਾਮੱਗਰੀ ਯੂਨਾਨੀ-ਰੂਮੀ ਸਾਮੱਗਰੀ ਤੋਂ ਕਈ ਗੁਣਾ ਵੱਧ ਹੈ। ਇਸ ਦੇ ਉਲਟ, ਧਰਮ ਦੇ ਕੁੱਝ ਪੱਖਾਂ ਨੂੰ ਛੱਡ ਕੇ, ਬਾਕੀ ਕਿਸੇ ਪੱਖ ਬਾਰੇ, ਸਾਨੂੰ ਆਪਣੇ ਦੇਸੀ ਸਾਹਿੱਤਕਾਰਾਂ, ਇਤਿਹਾਸਕਾਰਾਂ ਜਾਂ ਸੈਲਾਨੀਆਂ ਪਾਸੋਂ ਬੱਝਵੀਂ ਸਹਾਇਤਾ ਨਹੀਂ ਮਿਲਦੀ। ਬ੍ਰਾਹਮਣ ਰਿਸ਼ੀਆਂ, ਜੈਨੀ ਸਾਧੂਆਂ ਤੇ ਬੋਧੀ ਭਿੱਖੂਆਂ ਦਾ ਸਾਹਿੱਤ, ਧਰਮ-ਸ਼ਾਸਤਰਾਂ ਦਾ ਸਾਹਿੱਤ ਸੀ, ਰਾਜਾਂ ਜਾਂ ਜਾਤੀਆਂ ਦਾ ਇਤਿਹਾਸ

---

4. ਅਤਹਰ ਮੁਬਾਰਕਪੁਰੀ, ਮੌਲਾਨਾ ਕਾਜ਼ੀ, *ਇਸਲਾਮੀ ਹਿੰਦ ਕੀ ਅਜ਼ਮਤਿ ਰਫ਼ਤਹ*, (1969), ਦਿੱਲੀ, ਨਦਵਤੁਲ-ਮੁਸੱਨਿਫ਼ੀਨ, ਉਰਦੂ ਬਾਜ਼ਾਰ, ਸਫ਼ਾ 194.
5. *ਹਿੰਦੋਸਤਾਨ ਮੇਂ ਅਰਬੋਂ ਕੀ ਹਕੂਮਤੇਂ*, (1967), ਦਿੱਲੀ, ਨਦਵਤੁੱਲ-ਮੁਸੱਨਿਫ਼ੀਨ, ਸਫ਼ਾ 65.
6. *ਉਕਤ*, ਸਫ਼ਾ 146.
7. *The Classical Accounts of India*, p. xii.

ਨਹੀਂ ਸੀ; ਉਸ ਵਿਚ, ਬਾਹਰ ਦੀ ਥਾਂ ਅੰਦਰ ਨੂੰ ਤੇ ਅਮਲ ਦੀ ਥਾਂ ਸਿਧਾਂਤ ਨੂੰ ਪ੍ਰਥਮਤਾ ਮਿਲਦੀ ਸੀ। ਰੈਪਸਨ ਕਹਿੰਦਾ ਹੈ ਕਿ ਧਰਮ, ਦਰਸ਼ਨ, ਕਾਨੂੰਨ ਤੇ ਵਿਆਕਰਣ ਆਦਿ ਦੇ ਨਿਸਚਿਤ ਤੱਥਾਂ ਬਾਰੇ ਤਾਂ ਦੇਸੀ ਸਾਹਿੱਤ ਵਿਚ ਕਾਫ਼ੀ ਕੁੱਝ ਪ੍ਰਾਪਤ ਹੈ, ਪਰ ਰਾਜਨੀਤਿਕ ਇਤਿਹਾਸ ਦੀ ਗੱਲ ਕਰਨ ਵੇਲੇ ਉਸ ਦੇ ਮੂੰਹ ਵਿਚ ਘੁੰਗਣੀਆਂ ਪਈਆਂ ਹੁੰਦੀਆਂ ਹਨ,[8] ਇਸ ਲਈ ਅਸੀਂ ਪੰਜਾਬੀ ਆਪਣੇ ਮੁੱਢਲੇ ਇਤਿਹਾਸ ਦੇ ਅਨੇਕ ਪੱਖਾਂ ਬਾਰੇ ਮਿਲੀ ਜਾਣਕਾਰੀ ਲਈ, ਵਧੇਰੇ ਕਰ ਕੇ, ਬਦੇਸੀਆਂ ਦੇ ਕ੍ਰਿਤੱਗ ਹਾਂ ਤੇ ਜਾਂ ਆਪਣੇ ਦੇਸ਼ ਦੇ ਪੁਰਾਤਤ੍ਵ ਵਿਭਾਗ ਦੇ।

8. *The Cambridge History of India*, p. 51.

ਪ੍ਰਾਚੀਨ ਈਰਾਨ ਦਾ ਪ੍ਰਭਾਵ

ਪੱਛਮੋਤਰੀ ਭਾਰਤ ਦਾ, ਜਿਨ੍ਹਾਂ ਪਹਿਲੇ ਬਦੇਸੀਆਂ ਨਾਲ ਨੇੜ ਦਾ ਵਾਹ ਪਿਆ, ਉਹ ਈਰਾਨੀ ਸਨ। ਈਰਾਨ ਦੀ ਪ੍ਰਾਚੀਨ ਹਖ਼ਾਮਿਨੀ ਸਲਤਨਤ ਬਹੁਤ ਵਿਸ਼ਾਲ ਤੇ ਬਲਸ਼ਾਲੀ ਸੀ। ਇਸ ਦਾ ਮੋਢੀ, ਕੈਖ਼ੁਸਰੌ (559-530 ਪੂ.ਈ.) ਸੀ। ਉਸ ਨੇ ਰਾਜ-ਪ੍ਰਬੰਧ ਨੂੰ, ਹੇਠਲੀ ਪੱਧਰ ਤੋਂ ਸਿਖਰਲੀ ਪੱਧਰ ਤਕ, ਇਸ ਤਰ੍ਹਾਂ ਸੰਗਠਿਤ ਕੀਤਾ ਹੋਇਆ ਸੀ ਕਿ ਰਾਜ ਦੇ ਸਾਰੇ ਵੱਖ ਵੱਖ ਸੂਬਿਆਂ ਦੀਆਂ ਤਣਾਵਾਂ ਕੇਂਦਰ ਦੇ ਹੱਥ ਵਿਚ ਰਹਿੰਦੀਆਂ ਸਨ। ਵੱਖ ਵੱਖ ਮਹਿਕਮੇ, ਵੱਖ ਵੱਖ ਅਫ਼ਸਰਾਂ ਦੇ ਅਧੀਨ ਕੰਮ ਕਰਦੇ ਸਨ। ਅਫ਼ਸਰਾਂ ਨੂੰ ਤਨਖ਼ਾਹ ਕੇਂਦਰੀ ਖ਼ਜ਼ਾਨੇ ਵਿੱਚੋਂ ਨਕਦ ਮਿਲਦੀ ਸੀ। ਸਾਰੀ ਸਲਤਨਤ ਵਿਚ ਸਰਕਾਰੀ ਸੂਹੀਏ ਨਿਯੁਕਤ ਸਨ, ਜੋ ਸ਼ਹਿਨਸ਼ਾਹ ਨੂੰ ਹਰ ਅਫ਼ਸਰ ਤੇ ਰਾਜਨੀਤਿਕ ਆਗੂ ਦੀਆਂ ਸਰਗਰਮੀਆਂ ਤੋਂ ਖ਼ਬਰਦਾਰ ਰੱਖਦੇ ਸਨ। ਦੇਹਾਂਤ ਤੋਂ ਪਹਿਲਾਂ, ਕੈਖ਼ੁਸਰੌ ਨੇ ਆਪਣੇ ਪੈਰ ਸਿੰਧ ਦੇ ਕੁੱਝ ਭਾਗਾਂ ਤਕ ਪਸਾਰ ਲਏ ਸਨ ਤੇ ਇਸ ਖ਼ਾਨਦਾਨ ਦਾ ਝੰਡਾ, ਕਦੀ ਉੱਚਾ, ਕਦੀ ਨੀਵਾਂ, ਭਾਰਤੀ ਇਲਾਕੇ ਉੱਤੇ ਉਸ ਸਮੇਂ ਤਕ ਝੁੱਲਦਾ ਰਿਹਾ, ਜਦ ਤਕ ਮਕਦੂਨੀਆਂ ਦੇ ਸਿਕੰਦਰ ਨੇ ਤੀਜੇ ਦਾਰਾ ਨੂੰ ਪਰਾਜਿਤ ਕਰ ਕੇ ਹਖ਼ਾਮਿਨੀ ਸਲਤਨਤ ਦਾ ਭੋਗ ਨਾ ਪਾ ਦਿੱਤਾ।

ਸਪੱਸ਼ਟ ਹੈ ਕਿ ਗੰਧਾਰ ਤਕ ਦੇ ਪੱਛਮੋਤਰੀ ਇਲਾਕੇ ਉੱਤੇ ਪ੍ਰਾਚੀਨ ਈਰਾਨ ਦਾ ਡੂੰਘਾ ਪ੍ਰਭਾਵ ਪਿਆ ਹੋਵੇਗਾ। ਰਾਜਨੀਤਿਕ ਵਿਚਾਰਾਂ, ਭਾਸ਼ਾ, ਸ਼ੈਲੀ, ਲਿਪੀ ਤੇ ਕਲਾ ਉੱਤੇ ਪਏ ਪ੍ਰਭਾਵਾਂ ਵਿੱਚੋਂ ਕੁੱਝ ਦਾ ਨਿਰਣਾ ਕਰਨ ਦੇ ਜਤਨ ਹੋ ਚੁੱਕੇ ਹਨ। ਮਸਲਨ, ਪ੍ਰਾਚੀਨ ਈਰਾਨ ਨਾਲ ਸਾਡੇ ਸੰਬੰਧ ਦਾ ਇਕ ਨਤੀਜਾ ਇਹ ਨਿਕਲਿਆ ਕਿ ਟੈਕਸਲਾ (ਤਕਸ਼-ਸ਼ਿਲਾ) ਦੇ ਇਕ ਵਿਦਵਾਨ, ਕੌਟਲਯ ਨੇ ਆਪਣੀ ਕਿਤਾਬ *ਅਰਥ ਸ਼ਾਸਤ੍ਰ* ਰਾਹੀਂ ਛੋਟੇ ਛੋਟੇ ਕਬਾਇਲੀ ਤੇ ਗੋਤਰੀ ਜਨ-ਪਦਾਂ ਦੀ ਥਾਂ ਇਕ ਸੰਗਠਿਤ ਕੇਂਦਰੀ ਰਾਜ-ਪ੍ਰਬੰਧ ਦਾ ਸੰਕਲਪ ਪੇਸ਼ ਕੀਤਾ,[1] ਜਿਸ ਨੂੰ ਚੰਦ੍ਰ ਗੁਪਤ ਮੌਰੀਆ ਨੇ ਅਮਲੀ ਜਾਮਾ ਪਹਿਨਾਇਆ ਤੇ ਪੱਛਮੋਤਰ ਦੀਆਂ ਸਰਹੱਦਾਂ ਕਾਬਲ ਵਿਚ ਜਾ ਟਿਕਾਈਆਂ। ਮੌਰੀਆ ਸਮਰਾਟ ਬਿੰਬੀਸਾਰ (544-493 ਪੂ.ਈ.) ਦੇ ਮਨ ਵਿਚ ਰਾਜ ਦੇ ਪਸਾਰੇ ਦੀ ਉਮੰਗ ਵੀ ਹਖ਼ਾਮਿਨੀ ਸਲਤਨਤ ਦੇ ਪੂਰਨਿਆਂ ਨੇ ਹੀ ਉਪਜਾਈ।[2] ਹਖ਼ਾਮਿਨੀਆਂ ਦੀ ਅਰਮੀ ਲਿਪੀ, ਉਰਦੂ-ਫ਼ਾਰਸੀ ਲਿਪੀ ਵਾਂਗ, ਸੱਜੇ

---

1. *Glimpses of Ancient Panjab*, p. 17.
2. Jairaj Bhai, R.A., *Foreign Influence in Ancient India,* (1963), p. 41. (E. Hultzsch ਦੇ ਆਧਾਰ ਉੱਤੇ)

ਤੋਂ ਖੱਬੇ ਵੱਲ ਚੱਲਦੀ ਸੀ। ਪੱਛਮੋਤਰੀ ਲੋਕਾਂ ਨੇ ਉਸ ਵਿਚ ਪੰਜ ਸ੍ਵਰ ਤੇ ਅੱਠ ਵਿਅੰਜਨ ਵਧਾ ਕੇ, ਬਾਈਆਂ ਦੀ ਥਾਂ ਪੈਂਤੀ ਅੱਖਰਾਂ ਦੀ ਲਿਪੀ ਬਣਾ ਕੇ, ਬ੍ਰਾਹਮੀ ਦੇ ਨਮੂਨੇ ਉੱਤੇ, ਅੱਗੇ ਨਾਲੋਂ ਵਧੇਰੇ ਧੁਨੀ-ਅਨੁਕੂਲ ਬਣਾ ਲਿਆ ਤੇ ਆਪਣੇ ਕਾਰ-ਵਿਹਾਰ ਲਈ ਵਰਤਣੀ ਸ਼ੁਰੂ ਕਰ ਦਿੱਤੀ। ਇਹੀ, ਮਗਰੋਂ, 'ਖਰੋਸ਼ਟੀ' ਲਿਪੀ ਅਖਵਾਈ। ਜਦੋਂ ਅਸ਼ੋਕ ਨੇ ਪਹਾੜਾਂ ਦੀਆਂ ਵੱਖੀਆਂ ਸਾਫ਼ ਕਰਵਾ ਕੇ, ਉਨ੍ਹਾਂ ਉੱਤੇ ਆਪਣੇ ਧਰਮ ਦੀ ਸਿੱਖਿਆ ਸਰਕਾਰੀ ਤੌਰ ਉੱਤੇ ਉੱਕਰਵਾਉਣੀ ਸ਼ੁਰੂ ਕੀਤੀ ਤਾਂ ਉਸ ਦੇ ਸਾਹਮਣੇ ਹਖ਼ਾਮਿਨੀ ਨਮੂਨੇ ਮੌਜੂਦ ਸਨ। ਧੁਰ ਪੱਛਮੋਤਰ ਵਿਚ ਅਸ਼ੋਕ ਨੇ ਆਪਣੇ ਲੇਖ 'ਖਰੋਸ਼ਟੀ' ਵਿਚ ਹੀ ਉੱਕਰਵਾਏ। ਅਸ਼ੋਕ ਦੇ ਖਰੋਸ਼ਟੀ ਸ਼ਿਲਾ-ਲੇਖਾਂ ਵਿਚ ਵਰਤੇ ਗਏ ਦੋ ਸ਼ਬਦ 'ਦਿਪੀ' (ਜਿਸ ਦਾ ਦੇਸੀ ਰੂਪਾਂਤਰ 'ਲਿਪਿ' ਹੈ) ਤੇ 'ਨਿਪਿਸ਼੍ਤਾ' (ਆਧੁਨਿਕ ਫ਼ਾਰਸੀ, ਨਵਿਸ਼੍ਤਹ = ਲਿਖਿਤ), ਹਖ਼ਾਮਿਨੀ ਸ਼ਿਲਾ-ਲੇਖਾਂ ਵਿਚ ਵੀ ਪ੍ਰਾਪਤ ਹਨ ਤੇ ਕਿਉਂਕਿ ਇਹੋ ਸ਼ਬਦ ਪਾਣਿਨੀ ਵਿਚ ਵੀ ਮਿਲਦੇ ਹਨ, ਜੋ ਪੱਛਮੋਤਰ ਦਾ ਵਾਸੀ ਸੀ, ਇਸ ਲਈ ਅਨੁਮਾਨ ਹੈ ਕਿ ਇਹ ਸ਼ਬਦ ਸਾਡੀ ਭਾਸ਼ਾ ਦਾ ਅੰਗ ਉਸ ਵੇਲੇ ਬਣੇ ਹੋਣਗੇ, ਜਦੋਂ ਸਿੰਧ ਤੇ ਗੰਧਾਰ ਦੇ ਇਲਾਕੇ ਈਰਾਨ ਦੀ ਹਖ਼ਾਮਿਨੀ ਸਲਤਨਤ ਦਾ ਭਾਗ ਸਨ।[3] ਸ੍ਵਰਗਵਾਸੀ ਪ੍ਰੋਫ਼ੈਸਰ ਤੇਜਾ ਸਿੰਘ, ਤੇ ਉਨ੍ਹਾਂ ਦੀ ਨਕਲ ਵਿਚ ਕਈ ਹੋਰ ਸੱਜਨ, ਗੁਰਮੁਖੀ ਲਿਪੀ ਵਿੱਚੋਂ 'ਖਰੋਸ਼ਟੀ' ਲਿਪੀ ਦਾ ਪ੍ਰਭਾਗ ਲੱਭਦੇ ਰਹੇ ਹਨ, ਪਰ ਇਹ ਜਤਨ ਨਿਹਫਲ ਸਨ, ਕਿਉਂਕਿ ਗੁਰਮੁਖੀ ਦਾ ਸੰਬੰਧ ਨਿਸਚੇ ਹੀ ਸਿੱਧਾ ਬ੍ਰਾਹਮੀ ਨਾਲ ਜੁੜਦਾ ਹੈ। ਅਸ਼ੋਕੀ ਲੇਖਾਂ ਵਿਚ ਵਾਕ-ਆਰੰਭ ਦੀ ਵਿਧੀ (ਇਉਂ ਕਹਿੰਦਾ ਹੈ ਰਾਜਾ...) ਤੇ ਖ਼ਿਤਾਬਾਂ ਦੀ ਸੂਚੀ, ਈਰਾਨ ਦੇ ਕੋਹਿ-ਬੀਸਤੂਨ (ਪ੍ਰਾਚੀਨ ਫ਼ਾ. 'ਬਗ-ਸ੍ਤਾਨ' = ਦੇਵ ਸ੍ਥਾਨ) ਦੇ ਹਖ਼ਾਮਿਨੀ ਸਿਲਾ-ਲੇਖਾਂ ਉੱਤੇ ਉੱਕਰੇ ਵਾਕਾਂ ਦੀ ਆਰੰਭ-ਵਿਧੀ ਤੋਂ ਪ੍ਰਭਾਵਿਤ ਮੰਨੀ ਗਈ ਹੈ।[4] ਪੱਛਮੋਤਰ ਦੇ ਉਸ ਵੇਲੇ ਦੇ ਭਵਨ-ਨਿਰਮਾਣ ਤੇ ਸ਼ਿਲਪ-ਕਲਾ ਉੱਤੇ ਵੀ ਹਖ਼ਾਮਿਨੀ ਪ੍ਰਭਾਵ ਪਿਆ।[5] ਮਾਰਸ਼ਲ ਸਾਹਿਬ ਤਾਂ ਏਥੋਂ ਤਕ ਕਹਿ ਗਏ ਹਨ ਕਿ ਅਸ਼ੋਕ ਦੇ ਪੱਥਰ-ਘਾੜਿਆਂ ਵਾਲੀ ਸਫ਼ਾਈ, ਕੋਮਲਤਾ ਤੇ ਪ੍ਰਬੀਨਤਾ, ਉਸ ਵੇਲੇ ਦੇ ਕਿਸੇ ਹਿੰਦੋਸਤਾਨੀ

3. ਉਕਤ ਦੇ ਸਫ਼ਾ 40 ਉੱਤੇ E. Hultzsch ਦੀ ਟੂਕ।

4. ਉਕਤ ਦੇ ਸਫ਼ਾ 41 ਉੱਤੇ Senart ਅਤੇ Grunwedel ਤੇ Burgess ਦੀਆਂ ਟੂਕਾਂ; ਨਾਲੇ ਵੇਖੋ, ਸਰਕਾਰ, ਡੀ.ਸੀ., *Iranians and Greeks in Ancient Panjab*, (1973), ਪਟਿਆਲਾ, ਪੰਜਾਬੀ ਯੂਨੀਵਰਸਿਟੀ, ਸਫ਼ਾ 13.

5. *The Cambridge History of India*, Vol. I, ਸਫ਼ਾ 563; 1919-20 ਤੇ 1920-21 ਦੀਆਂ *ਆਰਕੀਓਲੌਜੀਕਲ ਸਰਵੇ ਔਫ ਇੰਡੀਆ ਦੀਆਂ ਰਪੋਟਾਂ* ਦੇ ਆਧਾਰ ਉੱਤੇ ਜੈਰਾਜ਼ਭਾਈ ਨੇ ਤਕਸ਼-ਸ਼ਿਲਾ ਦੀ ਰਹਿਤ-ਬਹਿਤ ਉੱਤੇ ਹਖ਼ਾਮਿਨੀ ਪ੍ਰਭਾਵਾਂ ਤੇ ਕੁੱਝ ਹੋਰ ਸਬੂਤ ਪੇਸ਼ ਕਰਦਿਆਂ ਲਿਖਿਆ ਹੈ :

"From the upper strata of the Bhir mound in Taxila dating from this period there was found a scaraboid of chalcedony with a winged stag drilled in the Achaemenid manner, and also gold bangles with ends terminating in lion's heads like Achaemenid gold armlets." (ਸਫ਼ਾ 44)।

ਹੱਥ ਵਿਚ ਸੰਭਵ ਹੀ ਨਹੀਂ ਸੀ—ਇਹ ਹੁਨਰ ਕਿਸੇ ਈਰਾਨੀ-ਯੂਨਾਨੀ ਹੱਥ ਵਿਚ ਹੋ ਸਕਦਾ ਸੀ।[6] ਪਰ ਇਹ ਨਾ ਮੰਨਣ-ਯੋਗ ਅਤਿ-ਕਥਨੀ ਹੈ।

ਪ੍ਰਾਚੀਨ ਈਰਾਨ ਦੀ ਗੱਲ ਅਸੀਂ ਵਿੱਚੇ ਛੱਡਦੇ ਹਾਂ, ਕਿਉਂਕਿ ਇਸਲਾਮੀ ਦੌਰ ਵਿਚ ਮੱਧ-ਕਾਲੀਨ ਈਰਾਨ ਦੀ ਪੂਣੀ ਅਜੇ ਫੇਰ ਕੱਤਣੀ ਪੈਣੀ ਹੈ।

6. *The Cambridge History of India*, ਸਫ਼ਾ 564; ਹਰਜ਼ਫ਼ੈਲਡ ਨੇ *Iran in the Ancient East*, 1941 ਵਿਚ, ਅਸ਼ੋਕੀ ਥਮਲਿਆਂ ਦੀ ਨਫ਼ੀਸ ਪਾਲਿਸ਼ ਨੂੰ ਈਰਾਨ-ਮੂਲਕ ਦੱਸਿਆ ਹੈ (ਜੈਰਾਜ਼ਭਾਈ, ਸਫ਼ਾ 45)।

ਯੂਨਾਨੀ ਪ੍ਰਭਾਵ

ਅਸੀਂ ਦੱਸ ਚੁੱਕੇ ਹਾਂ ਕਿ ਪੱਛਮੋਤਰ ਉੱਤੇ ਯੂਨਾਨੀਆਂ ਦੀ ਕਾਠੀ ਪਈ ਤਾਂ ਉਸ ਨੂੰ ਹਖ਼ਾਮਿਨੀਆਂ ਤੋਂ ਛੁਟਕਾਰਾ ਮਿਲਿਆ। ਹਖ਼ਾਮਿਨੀਆਂ ਦੇ ਉੱਤਰ-ਅਧਿਕਾਰੀ, ਸਿਕੰਦਰ ਦੀ ਭੂਮੀ-ਭੁੱਖ, ਕੇਵਲ ਹਖ਼ਾਮਿਨੀ ਸਲਤਨਤ ਵਾਲੇ ਇਲਾਕਿਆਂ ਉੱਤੇ ਕਬਜ਼ਾ ਕਰਨ ਨਾਲ ਹੀ ਤ੍ਰਿਪਤ ਹੋਣ ਵਾਲੀ ਨਹੀਂ ਸੀ। ਉਸ ਨੇ 326 ਪੂ.ਈ. ਵਿਚ ਸਿੰਧ ਨਦੀ ਪਾਰ ਕੀਤੀ; ਹਰ ਅੜਨ ਵਾਲੇ ਨੂੰ ਝਾੜ ਕੇ, ਜਿੱਤ ਦੇ ਬੱਕਰੇ ਬੁਲਾਉਂਦਾ, ਉਹ ਸਿੱਧਾ ਅੰਮ੍ਰਿਤਸਰ-ਗੁਰਦਾਸਪੁਰ ਦੀਆਂ ਜੂਹਾਂ ਵਿਚ ਆ ਧਮਕਿਆ,[1] ਪਰ ਕਿਉਂਕਿ ਉਸ ਦੀ ਸੈਨਾ ਨੇ ਉਸ ਦੀ ਇੱਛਾ ਨਾਲ ਕਦਮ ਮਿਲਾ ਕੇ ਤੁਰਨ ਤੋਂ ਨਾਂਹ ਕਰ ਦਿੱਤੀ, ਇਸ ਲਈ ਉਸ ਨੂੰ 325 ਪੂ.ਈ. ਵਿਚ, ਭਰੇ-ਪੀਤੇ ਦਿਲ ਨਾਲ, ਸਦਾ ਲਈ ਇਸ ਦੇਸ ਨੂੰ ਤਿਲਾਂਜਲੀ ਦੇਣੀ ਪਈ। ਜਿਹੜਾ ਹਨੇਰੀ ਵਾਂਗ ਆਇਆ ਸੀ, ਉਸ ਨੂੰ ਝੱਖੜ ਵਾਂਗ ਜਾਣਾ ਪੈ ਗਿਆ, ਪਰ ਜਾਣ ਤੋਂ ਪਹਿਲਾਂ ਉਹ ਥਾਂ ਥਾਂ ਨਵੇਂ ਸ਼ਹਿਰ ਵਸਾ ਗਿਆ, ਗੜ੍ਹੀਆਂ-ਛਾਉਣੀਆਂ ਵਿਚ ਆਪਣੀਆਂ ਗਾਰਦਾਂ ਸਥਾਪਿਤ ਕਰ ਗਿਆ ਤੇ ਭਾਵੇਂ 322 ਪੂ.ਈ. ਵਿਚ ਉਸ ਦੇ ਅੱਖਾਂ ਮੀਟਦੇ ਸਾਰ, ਚੰਦ੍ਰ ਗੁਪਤ ਮੌਰੀਆ ਨੇ, ਜੋ ਤਕਸ਼-ਸ਼ਿਲਾ ਦੇ ਵਿਸ਼ਵ-ਵਿਦਿਆਲੇ ਵਿਚ ਪੜ੍ਹਾਉਂਦਾ ਰਿਹਾ ਸੀ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਸਾਰੇ ਇਲਾਕੇ ਉੱਤੇ ਆਪਣਾ ਅਧਿਕਾਰ ਥਾਪ ਲਿਆ ਤੇ 'ਹਿੰਦੀ-ਯੂਨਾਨੀ ਭਾਈ ਭਾਈ' ਦੀ ਨੀਤੀ ਹੇਠ ਸਿਲਿਊਕਸ ਦੀ ਲੜਕੀ ਨੂੰ ਆਪਣੀ ਰਾਣੀ ਬਣਾਇਆ, ਪਰ ਉਸ ਦੇ ਵੰਸ਼ਜ, ਸਮਰਾਟ ਅਸ਼ੋਕ ਦੇ ਅੱਖਾਂ ਮੀਟਣ ਦੇ ਚਾਲ੍ਹੀ-ਬਿਆਲੀ ਸਾਲਾਂ ਦੇ ਅੰਦਰ ਅੰਦਰ, ਪਹਿਲਾਂ ਬਾਖ਼ਤਰ ਦੇ ਯੂਨਾਨੀ, ਡਿਮਿਤ (Demetrius) ਨੇ, ਉਸ ਤੋਂ ਕੁੱਝ ਚਿਰ ਪਿੱਛੋਂ ਇਕ ਹੋਰ ਯੂਨਾਨੀ ਮਿਲਿੰਦ (Menander) ਨੇ, ਸਾਰੇ ਪੰਜਾਬ ਸਮੇਤ, ਉੱਤਰੀ ਭਾਰਤ ਦੇ ਕਾਫ਼ੀ ਇਲਾਕੇ ਉੱਤੇ, ਮੁੜ ਕੇ, ਯੂਨਾਨੀ ਰਾਜ ਖੜਾ ਕਰ ਲਿਆ। ਬਾਖ਼ਤਰੀ-ਯੂਨਾਨੀ, ਸ਼ੱਕ ਤੇ ਕੁਸ਼ਾਣ ਲੋਕ, ਜਿਨ੍ਹਾਂ ਨੂੰ ਪੱਛਮੋਤਰ ਵਿਚ ਰਾਜ ਕਰਨ ਦੇ ਮੌਕੇ ਮਿਲੇ, ਧਰਮ ਵੱਲੋਂ ਭਾਰਤੀ ਬਣ ਚੁੱਕੇ ਸਨ, ਪਰ ਜੋ ਨਿਸ਼ਾਨੀਆਂ ਉਹ ਛੱਡ ਗਏ ਹਨ, ਉਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਕਲਚਰ ਵਜੋਂ, ਉਹ ਬਹੁਤ ਹੱਦ ਤਕ ਯੂਨਾਨੀ ਹੀ ਸਨ।

ਪੱਛਮੋਤਰ ਦੇ ਜਿੱਡੇ ਭਾਗ ਦਾ ਸੰਬੰਧ ਹਖ਼ਾਮਿਨੀਆਂ ਨਾਲ ਸੀ, ਉਸ ਤੋਂ ਕਿਤੇ ਵਡੇਰੇ ਭਾਗ ਦਾ ਸਿੱਧਾ ਸੰਬੰਧ ਯੂਨਾਨੀਆਂ ਨਾਲ ਬਣਿਆ, ਇਸ ਲਈ ਉਨ੍ਹਾਂ ਦੇ ਪ੍ਰਭਾਵ ਦਾ ਖੇਤਰ ਹਖ਼ਾਮਿਨੀਆਂ ਨਾਲੋਂ ਵਡੇਰਾ ਹੋਣਾ ਕੁਦਰਤੀ ਸੀ। ਜ਼ੈਰਾਜ਼ਭਾਈ

1. *Glimpses of Ancient Panjab*, p. 27.

ਦੀ ਖੋਜ ਅਨੁਸਾਰ,[2] ਸਾਹਿੱਤ, ਭਾਸ਼ਾ, ਜੋਤਿਸ਼, ਖ਼ਾਸ ਕਰਕੇ ਫਲਿਤ ਜੋਤਿਸ਼, ਵੈਦਿਕ, ਸਿੱਕਿਆਂ ਤੇ ਮਕਾਨ-ਉਸਾਰੀ ਆਦਿ ਦੇ ਅਨੇਕ ਪੱਖਾਂ ਉੱਤੇ ਯੂਨਾਨੀ ਸੰਪਰਕ ਨੇ ਸਥਾਈ ਜਾਂ ਅਸਥਾਈ ਪ੍ਰਭਾਵ ਛੱਡੇ ਹਨ। ਮਸਲਨ, ਵਾਲਮੀਕ ਤੇ ਵੇਦ ਵਿਆਸ ਉੱਤੇ ਹੋਮਰ ਦਾ ਪ੍ਰਭਾਵ ਵੇਖਿਆ ਗਿਆ ਹੈ। *ਈਲੀਅਡ* ਦੀ ਕਹਾਣੀ ਦੀ ਚੂਲ ਹੈ, ਨਾਇਕਾ ਹੈਲਨ ਦਾ ਹਰਨ; *ਰਾਮਾਇਣ* ਦੀ ਕਹਾਣੀ ਦੀ ਚੂਲ ਹੈ ਨਾਇਕਾ ਸੀਤਾ ਦਾ ਹਰਨ; ਉਧਾਲ ਕੇ ਦੂਹਾਂ ਨੂੰ ਸਮੁੰਦਰੋਂ ਪਾਰ ਲਿਜਾਇਆ ਗਿਆ; ਹੈਲਨ ਦੇ ਕਾਰਨ ਟ੍ਰੌਇ ਉੱਤੇ ਕਟਕ ਚੜ੍ਹੇ ਤੇ ਸੀਤਾ ਦੇ ਕਾਰਨ ਲੰਕਾ ਉੱਤੇ। ਅਨੁਮਾਨ-ਵੱਸ, ਇਹ ਸਮਤਾ ਯੂਨਾਨੀ ਪ੍ਰਭਾਵ ਕਰਕੇ ਹੈ। *ਓਡਿੱਸੀ* ਦੀ ਕਹਾਣੀ ਪੈਨੀਲੋਪੀ, ਕਮਾਨ ਉੱਤੇ ਚਿੱਲਾ ਚਾੜ੍ਹਨ ਵਾਲੇ ਨੂੰ ਵਰਦੀ ਹੈ, *ਰਾਮਾਇਣ* ਦੀ ਸੀਤਾ ਵੀ ਚਿੱਲਾ ਚਾੜ੍ਹਨ ਵਾਲੇ ਨੂੰ ਹੀ ਵਰਦੀ ਹੈ; (ਕੁੱਝ ਭਾਰਤੀ ਲੇਖਕ ਇਸ ਪ੍ਰਭਾਵ ਤੋਂ ਉੱਕਾ ਇਨਕਾਰੀ ਹਨ) ਸੁਬੰਧੂ ਦੀ ਪਿਆਰੀ ਰਚਨਾ *ਵਾਸਵਦੱਤਾ* ਵਿਚ, ਯੂਨਾਨੀ ਕਥਾ *ਪਿਗਮੇਲੀਅਨ* ਵਾਂਗ, ਪਿਆਰ-ਕਲਾਵਾ, ਪੱਥਰ ਦੇ ਬੁੱਤ ਵਿਚ ਜਾਨ ਪਾਉਂਦਾ ਹੈ; 'ਕਾਂ ਤੇ ਲੂੰਬੜੀ' ਦੀ ਜਾਤਕ-ਕਥਾ, ਕੋਰਿੰਥ ਦੇ ਛੇਵੀਂ ਸਦੀ ਪੂ.ਈ. ਦੇ ਇਕ ਭਾਂਡੇ ਉੱਤੇ ਚਿਤ੍ਰਿਤ ਹੋਈ ਮਿਲੀ ਹੈ—ਇਹ ਵੀ ਯੂਨਾਨੀ ਪ੍ਰਭਾਵ ਦੀਆਂ ਮਿਸਾਲਾਂ ਹਨ।

ਆਰੀਆ ਭੱਟ ਤੇ ਵਰਾਹ ਮਿਹਿਰ, ਭਾਰਤ ਦੇ ਜੋਤਿਸ਼-ਵਿਗਿਆਨ ਵਿਚ ਸਿਰ-ਕੱਢ ਨਾਂ ਹਨ। ਉਨ੍ਹਾਂ ਰਾਹੀਂ ਯੂਨਾਨੀ ਜੋਤਿਸ਼-ਵਿਗਿਆਨ ਦਾ ਜੋ ਪ੍ਰਭਾਵ ਭਾਰਤੀ ਜੋਤਿਸ਼-ਵਿਗਿਆਨ ਉੱਤੇ ਪਿਆ ਹੋਵੇਗਾ, ਉਸ ਦਾ ਅਨੁਮਾਨ ਇਨ੍ਹਾਂ ਦੂਹਾਂ ਵਿਗਿਆਨੀਆਂ ਵੱਲੋਂ ਵਰਤੀ ਗਈ ਰਾਸ਼ੀਆਂ ਤੇ ਗ੍ਰੈਹਾਂ ਦੀ ਨਾਮਾਵਲੀ ਤੋਂ ਹੀ ਲਾਇਆ ਜਾ ਸਕਦਾ ਹੈ।

(ਹਵਾਲਾ : ਵਰਾਹ ਮਿਹਿਰ ਕ੍ਰਿਤ *ਬ੍ਰਿਹਤ੍ ਸੰਹਿਤਾ*)

ਰਾਸ਼ੀਆਂ

ਯੂਨਾਨੀ	*ਸੰਸਕ੍ਰਿਤ*
ਕ੍ਰਿਓਸ	ਕ੍ਰਿਯ
ਤੌਰੋਸ	ਤਾਵੁਰੀ
ਦਦੁਮੋਈ	ਜਿਤੁਮ
ਕਰ੍ਕੀਨੋਸ	ਕਰ੍ਕਿਨ
ਲੀਓਨ	ਲੇਯ
ਪਾਰ੍ਥੀਸੋਸ	ਪਾਥੋਨ ਜਾਂ ਪਾਰ੍ਥੋਨ
ਜ਼ਿਊਗੌਨ	ਜੂਕ
ਸਕੌਰ੍ਪੀਓਜ਼	ਕੌਰ੍ਪਯ ਜਾਂ ਕੌਰ੍ਪਿ
ਤੌਕ੍ਸੋਤੀਜ਼	ਤੌਕ੍ਸ਼ਿਕ
ਐਗੋਕੀਰੋਜ਼	ਆਕੋਕੇਰ

2. ਸਫ਼ੇ 48-109.

ਹਿਊਦ੍ਰੋਕੂਸ	ਹ੍ਰਿਦ੍ਰੋਗ
ਇਖ਼੍ਥੂਸ	ਇੱਥ

ਗ੍ਰੈਹ

ਯੂਨਾਨੀ	*ਸੰਸਕ੍ਰਿਤ*
ਹੀਲੀਓਜ਼	ਹੇਲਿ
ਹਰ੍ਮੀਜ਼	ਹਿਮ੍ਨ
ਅਰੀਜ਼	ਆਰ
ਕ੍ਰੋਨੋਸ	ਕੋਣ
ਜ਼ੀਓਸ	ਜਯਊ
ਆਫ਼ਰੋਦਿੱਤੀ	ਆਸ੍ਫ਼ੁਜਿਤ੍

ਕੁੱਝ ਹੋਰ ਸ਼ਬਦ ਵੀ ਸਾਡਾ ਧਿਆਨ ਖਿੱਚਦੇ ਹਨ :

ਯੂਨਾਨੀ	*ਸੰਸਕ੍ਰਿਤ*	*ਪੰਜਾਬੀ*
ਹੋਰ (= ਘੰਟਾ)	ਹੋਰਾ (= ਘੰਟਾ)	ਹੋੜਾ (ਹੋੜਾ-ਚੱਕਰ)
ਕੇਂਦ੍ਰੋਨ	ਕੇਂਦ੍ਰ	ਕੇਂਦਰ
ਪਕ੍ਸੀਔਨ	ਪੁਸ੍ਤਕ	ਪੋਥੀ
ਪਲਾਕੋਸ	ਫਲਕ	ਫੱਟੀ
ਪਿੱਟਾਕੀਓਨ	ਪਿਟਿਕ	ਪੇਟੀ
ਸਿਰਿੰਕ੍ਸ	ਸੁਰੰਗ	ਸੁਰੰਗ
ਦ੍ਰਾਖ਼ਮਾ	ਦ੍ਰਮ	ਦਮ, ਦਾਮ, ਦਮੜਾ, ਦਮੜੀ

ਸਦਾ ਵਾਂਗ ਟਕਸਾਲਾਂ ਦੇ ਅਧਿਕਾਰੀਆਂ, ਬੁੱਤ-ਘਾੜਿਆਂ, ਆਰਕੀਟੈਕਟਾਂ, ਇੰਜੀਨੀਅਰਾਂ ਤੇ ਰਾਜਾਂ ਨੇ, ਹਾਕਮਾਂ ਦੇ ਕਲਾ ਦੇ ਗੁਰ ਤੇ ਸ਼ੈਲੀਆਂ ਅਪਣਾਉਣ ਵਿਚ ਕਾਫ਼ੀ ਫੁਰਤੀ ਵਿਖਾਈ। ਟੈਕਸਲਾ ਤੇ ਗੰਧਾਰ ਦੀਆਂ ਹੋਰ ਬਸਤੀਆਂ ਦੇ ਖੰਡਰਾਂ ਵਿੱਚੋਂ ਮਿਲਦੇ ਨਮੂਨੇ ਇਸ ਗੱਲ ਦੀ ਮੂੰਹੋਂ-ਮੂੰਹ ਸਾਖ ਭਰਦੇ ਹਨ।

ਸਿਕੰਦਰ ਪੰਜਾਬ, ਸਿੰਧ ਤੇ ਮਕਰਾਨ ਵਿਚ ਵੱਡੇ ਆਕਾਰ ਉੱਤੇ ਰੰਗ-ਤਮਾਸ਼ੇ ਰਚਾਉਂਦਾ ਰਿਹਾ। ਮਕਰਾਨ ਵਿਚ ਸੋਫ਼ੋਕਲੀਜ਼ ਤੇ ਯੂਰਿਪਿਡੀਜ਼ ਦੇ ਨਾਟਕ ਖੇਡੇ ਜਾਣ ਦਾ ਪਤਾ ਲਗਦਾ ਹੈ। ਯੂਨਾਨੀ ਇਤਿਹਾਸਕਾਰਾਂ ਅਨੁਸਾਰ ਸਿਕੰਦਰ ਨੇ ਰਾਵੀ ਦੇ ਕੰਢੇ ਉੱਤੇ ਜਿੱਤ ਦਾ ਜਸ਼ਨ ਮਨਾਇਆ ਤਾਂ ਯੂਨਾਨ ਤੋਂ ਐਕਟਰ, ਗਵੱਈਏ, ਕਵੀ ਤੇ ਜਾਦੂਗਰ ਆਦਿ ਉਚੇਚੇ ਤੌਰ ਉੱਤੇ ਮੰਗਵਾਏ ਗਏ। ਉਸ ਨੇ ਟੈਕਸਲਾ ਦੇ ਰਾਜਾ ਪੁਰੂ (Porus) ਉੱਤੇ ਜਿੱਤ ਦੀ ਖ਼ੁਸ਼ੀ ਵਿਚ ਸਿੰਧ ਦੇ ਕੰਢੇ ਉੱਤੇ ਜਸ਼ਨ ਕੀਤਾ ਤਾਂ ਤੈਰਾਕੀ ਦੇ ਜਿਮਨਾਸਟਿਕਸ ਦੇ ਮੁਕਾਬਲੇ ਕਰਵਾਏ। ਨਾਟਕ, ਕਵੀ-ਦਰਬਾਰ, ਰਾਗ-ਰੰਗ ਦੀਆਂ ਮਹਿਫ਼ਲਾਂ, ਕੁਸ਼ਤੀਆਂ ਤੇ ਖੇਡਾਂ ਦੇ ਮੁਕਾਬਲੇ ਸਿਕੰਦਰ ਤੋਂ ਪਿੱਛੋਂ ਦੇ ਯੂਨਾਨੀ ਹਾਕਮਾਂ ਵੇਲੇ ਵੀ ਜਾਰੀ ਰਹੇ ਹੋਣਗੇ, ਪਰ ਅਜੇ ਤਕ ਇਹ ਨਿਸਚਿਤ ਨਹੀਂ ਹੈ ਕਿ ਇਨ੍ਹਾਂ ਸਰਗਰਮੀਆਂ ਦਾ, ਸਾਡੇ ਕਲਚਰ ਉੱਤੇ ਕਿੰਨਾ ਸਥਾਈ ਅਸਰ

ਹੋਇਆ। ਸੁਰਗਵਾਸੀ ਪ੍ਰਿੰ. ਤੇਜਾ ਸਿੰਘ ਇਹ ਵਿਚਾਰ ਪ੍ਰਗਟਾਇਆ ਕਰਦੇ ਸਨ ਕਿ ਪੰਜਾਬੀ ਦਾ 'ਵਾਰ' ਰੂਪ, ਯੂਨਾਨੀ ਦਾ 'ਓਡ' ਰੂਪ ਹੀ ਹੈ। ਗੁਰੂ ਨਾਨਕ ਸਾਹਿਬ ਦੀ ਰਚਨਾ 'ਆਸਾ ਦੀ ਵਾਰ' ਨੂੰ ਆਪ ਨੇ 'ਓਡ' ਦੇ ਨਮੂਨੇ ਉੱਤੇ ਉੱਸਰੀ ਦੱਸਿਆ ਹੈ,[3] ਪਰ ਕਿਉਂਕਿ ਸਿਕੰਦਰ ਦੇ ਵੇਲੇ ਤੋਂ ਪੰਦਰ੍ਹਵੀਂ ਸਦੀ ਤਕ, ਓਡ-ਰੂਪ ਦੇ ਪੰਜਾਬ ਵਿਚ ਪ੍ਰਵੇਸ਼ ਜਾਂ ਇਸੇ ਸਮੇਂ ਵਿਚ ਵਾਰ-ਰੂਪ ਦੇ ਵਿਕਾਸ ਨਾਲ ਸੰਬੰਧਿਤ ਸਬੂਤਾਂ ਦੀ ਅਣਹੋਂਦ ਹੈ, ਇਸ ਲਈ ਸਾਡੇ ਪਾਸ ਇਸ ਧਾਰਨਾ ਦੇ ਹੱਕ ਵਿਚ ਕੁੱਝ ਕਹਿਣ ਲਈ ਕੋਈ ਸਾਮੱਗਰੀ ਨਹੀਂ ਹੈ।

3. *Asa Di Var or Guru Nanak's Ode in the Asa Measure*. (1968), Amritsar, SGPC, p. 5.

ਅਰਬ, ਇਸਲਾਮ ਤੇ ਫ਼ਾਰਸੀ ਦਾ ਪ੍ਰਭਾਵ

ਪੁਰਾਣੇ ਈਰਾਨ ਤੇ ਯੂਨਾਨ ਨੇ ਸਾਡੇ ਉੱਤੇ ਜੋ ਵੀ ਪ੍ਰਭਾਵ ਛੱਡੇ, ਉਹ ਬੁੱਢ-ਪੁਰਾਣੇ ਜੁੱਗਾਂ ਦੀ ਧੁੰਦਲੀ ਯਾਦ ਵਾਂਗ ਹਨ, ਪਰ ਇਸਲਾਮ ਦੇ ਉਦੇ ਉਪਰੰਤ, ਅਰਬ, ਸ਼ਾਮ, ਤੁਰਕਿਸਤਾਨ ਈਰਾਨ ਮੱਧ ਏਸ਼ੀਆ ਤੇ ਅਫ਼ਗਾਨਿਸਤਾਨ, ਆਦਿ ਦੇਸ਼ਾਂ ਨਾਲ ਸਾਡਾ ਜੋ ਸੰਬੰਧ ਬਣਿਆ, ਉਸ ਦੇ ਸਬੂਤ ਅੱਜ ਵੀ ਜੀਉਂਦੇ ਹਨ। ਅਰਬ ਦੇਸ ਨਾਲ ਭਾਰਤ ਦੇ ਵਪਾਰਕ ਸੰਬੰਧ ਇਸਲਾਮ ਤੋਂ ਪਹਿਲਾਂ ਦੇ ਤੁਰੇ ਆ ਰਹੇ ਸਨ; ਅਰਬ ਵਪਾਰੀ ਜਹਾਜ਼ਾਂ ਰਾਹੀਂ ਆਉਂਦੇ ਸਨ ਤੇ ਮਾਲ ਭਰ ਕੇ ਤੁਰ ਜਾਂਦੇ ਸਨ।[1] ਵਪਾਰ ਵਾਲੇ ਦਿਨਾਂ ਵਿਚ, ਹਿੰਦੋਸਤਾਨ ਦੇ ਰਾਜੇ ਬਣਨ ਦਾ ਖ਼ਿਆਲ ਅਰਬਾਂ ਦੇ ਮਨ ਵਿਚ ਪੈਦਾ ਨਹੀਂ ਸੀ ਹੋਇਆ, ਪਰ ਇਸਲਾਮ ਸਿੰਧ-ਮੁਲਤਾਨ ਵਿਚ ਜੇਤੂਆਂ ਦੇ ਰੂਪ ਵਿਚ ਆ ਦਾਖ਼ਲ ਹੋਇਆ। ਅਸੀਂ ਕਹਿ ਸਕਦੇ ਹਾਂ ਕਿ ਪੱਛਮੋਤਰੀ ਭਾਰਤ ਦੀ ਭੂਮੀ ਉੱਤੇ ਅਰਬੀ ਝੰਡੇ ਦੇ ਝੂਲਣ ਨਾਲ, ਭਾਰਤੀ ਇਤਿਹਾਸ ਵਿਚ 'ਮੱਧ ਜੁਗ' ਦਾ ਆਰੰਭ ਹੋਇਆ।

ਮੁਸਲਮਾਨ ਬਣਦੇ ਸਾਰ, ਅਰਬ ਦੇਸ ਦੇ ਸਾਰੇ ਕਬੀਲੇ, ਇਸਲਾਮ ਦੇ ਜੋਸ਼ੀਲੇ ਤੇ ਹਥਿਆਰਧਾਰੀ ਪ੍ਰਚਾਰਕ ਬਣ ਗਏ। ਉਹ ਇਸਲਾਮ ਦੇ ਪ੍ਰਚਾਰ ਲਈ ਰਾਜ-ਅਧਿਕਾਰ ਹਥਿਆਉਂਦੇ ਤੇ ਰਾਜ-ਅਧਿਕਾਰ ਲਈ ਇਸਲਾਮ ਦਾ ਪ੍ਰਚਾਰ ਕਰਦੇ ਸਨ। ਇਸ ਨੀਤੀ ਨੇ ਉਨ੍ਹਾਂ ਦੇ ਆਰਥਿਕ ਹਿਤ ਵੀ ਪੂਰੇ ਤੇ ਰਸੂਖ਼ ਵਿਚ ਵੀ ਵਾਧਾ ਕੀਤਾ। ਇਸੇ ਨੀਤੀ ਅਧੀਨ ਉਹ ਜਿਸ ਜਿਸ ਦੇਸ ਨੂੰ ਫ਼ਤਹਿ ਕਰਦੇ ਗਏ, ਓਸੇ ਓਸੇ ਦੇਸ ਦੇ ਲੋਕਾਂ ਨੂੰ ਮੁਸਲਮਾਨ ਬਣਾਉਂਦੇ ਗਏ। ਉਨ੍ਹਾਂ ਨੂੰ ਭਰੋਸਾ ਸੀ ਕਿ ਅਗਨੀ-ਪੂਜਾ, ਬੁੱਤ-ਪੂਜਾ, ਪ੍ਰਕਿਰਤੀ-ਪੂਜਾ ਜਾਂ ਦੇਵਤਾਵਾਦ ਵਿਚ ਫਸੇ ਮਨੁੱਖਾਂ ਨੂੰ ਇਕ-ਈਸ਼ਵਰਵਾਦ ਦੇ ਘੇਰੇ ਵਿਚ ਲੈ ਆਉਣਾ ਲੋਕਾਂ ਨਾਲ ਪੁੰਨ ਖੱਟਣ ਦੇ ਤੁੱਲ ਹੈ, ਇਸ ਲਈ ਉਹ ਜਿਥੇ ਵੀ ਗਏ, ਆਤਿਸ਼-ਕਦਿਆਂ, ਮੰਦਿਰਾਂ, ਸਤੂਪਾਂ ਤੇ ਬੁੱਤ-ਖ਼ਾਨਿਆਂ ਦੀ ਥਾਂ ਮਸੀਤਾਂ, ਮਦਰੱਸੇ ਤੇ ਮਕਬਰੇ ਖੜੇ ਕਰਦੇ ਗਏ; ਉਨ੍ਹਾਂ ਵਿਚ ਮੁਲਾਣੇ ਬਿਠਾਉਂਦੇ ਗਏ; ਕੁਰਆਨ-ਪਾਠ ਤੇ ਰਾਜ-ਪ੍ਰਬੰਧ ਦੀਆਂ ਲੋੜਾਂ ਲਈ ਅਰਬੀ ਦੇ ਮਦਰੱਸੇ ਕਾਇਮ ਕਰ ਕੇ ਉਨ੍ਹਾਂ ਵਿਚ ਸਰਕਾਰੀ ਖ਼ਰਚ ਉੱਤੇ ਤਨਖ਼ਾਹਦਾਰ

---

1. ਹਜ਼ਰਤ ਮੁਹੱਮਦ ਸਾਹਿਬ ਦੇ ਸਮੇਂ ਵਿਚ ਪੱਛਮੋਤਰ ਤੋਂ ਜੋ ਮਾਲ ਜਾਂਦਾ ਸੀ, ਉਸ ਵਿਚ ਹੋਰ ਚੀਜ਼ਾਂ ਤੋਂ ਛੁੱਟ ਤਲਵਾਰਾਂ, ਬਾਂਸ, ਨੇਜ਼ੇ, ਲੁੰਗੀਆਂ, ਤਹਿਮਤਾਂ, ਕੁੜਤੇ ਤੇ ਕੁੱਕੜੀਆਂ ਸ਼ਾਮਿਲ ਸਨ (ਅਤਹਰ ਮੁਬਾਰਕਪੁਰੀ, ਕਾਜ਼ੀ, *ਅਰਬ ਵ ਹਿੰਦ ਅਹਦਿ ਰਸਾਲਤ ਮੇਂ*, (1965), ਦਿੱਲੀ, ਨਦਵਤੁਲ-ਮੁਸੱਨਿਫ਼ੀਨ, ਸਫ਼ੇ 1173-82)। ਪ੍ਰਕਾਸ਼ ਚਰਣ ਪ੍ਰਸ਼ਾਦ ਨੇ ਮਣਕਿਆਂ ਤੇ ਸ਼ਿਲਾਜੀਤ ਨੂੰ ਵੀ ਦਸੌਰ ਜਾਣ ਵਾਲੇ ਮਾਲ ਦੀ ਸੂਚੀ ਵਿਚ ਸ਼ਾਮਿਲ ਕੀਤਾ ਹੈ। (*Foreign Trade & Commerce in Ancient India*, (1977), New Delhi, Abhinav Publications, p. 19)

ਅਧਿਆਪਕ ਨਿਯੁਕਤ ਕਰਦੇ ਗਏ।[2] ਗ਼ੈਰ-ਅਰਬੀਆਂ ਵਿਚ ਸ਼ੁੱਧ ਅਰਬੀ ਭਾਸ਼ਾ ਤੇ ਉਸ ਰਾਹੀਂ ਅਰਬੀ ਕਲਚਰ ਦੇ ਪ੍ਰਚਾਰ ਲਈ, ਪਾਠ-ਪੁਸਤਕਾਂ ਤਿਆਰ ਕਰਵਾਈਆਂ ਗਈਆਂ।[3] ਅਜੇ ਹਰ ਦੇਸ ਦੀ ਹਰ ਭਾਸ਼ਾ ਨੂੰ, ਇਕ ਵਿਆਪਕ ਨੀਤੀ ਦੇ ਅਧੀਨ, ਉਸ ਦੀ ਆਪਣੀ ਲਿਪੀ ਦੀ ਥਾਂ, ਅਰਬੀ ਵਰਣ-ਮਾਲਾ ਵਿਚ ਲਿਖਣ ਦੇ ਜਤਨ ਕੀਤੇ ਗਏ। ਜਿਨ੍ਹਾਂ ਦੇਸਾਂ ਵਿਚ ਲਿਪੀ-ਬਦਲੀ ਦੀ ਯੋਜਨਾ ਪੂਰੀ ਤਰ੍ਹਾਂ ਸਫਲ ਹੋਈ, ਉਨ੍ਹਾਂ ਵਿਚ ਲੋਕਾਂ ਦਾ ਨਾਤਾ ਆਪਣੇ ਪੁਰਾਣੇ ਦੇਸੀ ਕਲਚਰ ਨਾਲੋਂ ਤਕਰੀਬਨ ਟੁੱਟ ਗਿਆ। ਹਜ਼ਰਤ ਮੁਹੱਮਦ ਨੂੰ ਅੱਖਾਂ ਮੀਟਿਆਂ ਅਜੇ ਦੋ ਸੌ ਵਰ੍ਹੇ ਹੀ ਨਹੀਂ ਸਨ ਹੋਏ ਕਿ ਇਕ ਪਾਸੇ ਅਰਬ ਤੋਂ ਚੀਨ ਤੇ ਦੂਜੇ ਪਾਸੇ ਅਰਬ ਤੋਂ ਸਪੇਨ ਤੇ ਫ਼ਰਾਂਸ ਤਕ, ਕੌਮਾਂ, ਕੌਮੀਅਤਾਂ ਤੇ ਦੇਸਾਂ ਦੇ ਵਿਤਕਰੇ ਟੁੱਟ ਗਏ ਤੇ ਇੱਕੋ ਵਿਸ਼ਾਲ 'ਮੁਸਲਮਾਨ' ਕੌਮ ਦਾ ਜਨ-ਸਾਗਰ ਠਾਠਾਂ ਮਾਰਦਾ ਦਿੱਸਣ ਲੱਗ ਪਿਆ। ਸਭ ਦੇ ਨਾਂ ਅਰਬੀ ਸ਼ਬਦ-ਕੋਸ਼ ਵਿੱਚੋਂ ਰੱਖੇ ਜਾਣ ਲੱਗ ਪਏ, ਸਭ ਨੇ ਖ਼ਤਨੇ ਕਰਾਉਣੇ ਸ਼ੁਰੂ ਕਰ ਦਿੱਤੇ; ਸਾਰੇ ਪੰਜ ਵੇਲੇ, ਕਾਅਬੇ ਵੱਲ ਮੂੰਹ ਕਰ ਕੇ ਨਮਾਜ਼ਾਂ ਪੜ੍ਹਨ ਲੱਗ ਪਏ; ਵਰ੍ਹੇ ਵਿਚ ਇਕ ਨਿਸਚਿਤ ਮਹੀਨਾ, ਸੂਰਜ-ਉਦੇ ਤੋਂ ਸੂਰਜ-ਅਸਤ ਤਕ, ਵਰਤ ਰੱਖਿਆ ਜਾਣ ਲੱਗ ਪਿਆ; ਸਾਰਿਆਂ ਨੇ ਆਪਣੇ ਵੱਖਰੇ ਵੱਖਰੇ ਸੰਮਤਾਂ ਦੀ ਥਾਂ ਹਿਜਰੀ ਸੰਮਤ ਅਪਣਾ ਲਿਆ ਤੇ ਹਰ ਦੇਸ ਦੇ ਲੋਕਾਂ ਲਈ ਅਰਬ ਇਕ ਆਦਰਸ਼ ਬੇਗ਼ਮਪੁਰਾ ਬਣ ਗਿਆ; ਜਿਸ ਦੇ ਦਰਸ਼ਨਾਂ ਲਈ 'ਮੇਰੇ ਮੌਲਾ ਬੁਲਾ ਲੋ ਮਦੀਨੇ ਮੁਝੇ' ਦਾ ਤਰਲਾ ਹਰ ਭਾਸ਼ਾ ਵਿਚ ਗਾਇਆ ਜਾਣ ਲੱਗ ਪਿਆ। ਇਸ ਤਰ੍ਹਾਂ ਦੇਸਾਂ ਤੇ ਕੌਮਾਂ ਦੇ ਉੱਪਰ ਦੀ ਵਗਣ ਵਾਲੇ ਇਸ ਸੂਕਦੇ ਧਾਰਮਿਕ ਤੇ ਕਲਚਰੀ ਝੱਖੜ ਨੇ ਇਕ ਤਾਂ ਹਰ ਪਰਾਜਿਤ ਦੇਸ ਦੇ ਦੇਸੀ ਕਲਚਰ ਉੱਤੇ, ਪਤਲੀ ਜਾਂ ਮੋਟੀ, ਅਰਬੀ-ਇਸਲਾਮੀ ਪਾਣ ਚਾੜ੍ਹ ਦਿੱਤੀ, ਦੂਜੇ ਇਨ੍ਹਾਂ ਸਾਰਿਆਂ ਨੂੰ ਆਪਣੇ ਪੁਰਾਣੇ ਕੌਮੀ ਜਾਂ ਰਾਸ਼ਟਰੀ ਵਿਰਸੇ ਵੱਲੋਂ ਅਸਲੋਂ ਅਵੇਸਲਾ, ਬਲਕਿ ਕਈ ਵਾਰੀ ਉਸ ਦਾ ਵੈਰੀ ਬਣਾ ਦਿੱਤਾ। ਜਿਥੇ ਕਿਤੇ ਰਾਸ਼ਟਰ ਦੀ ਭਾਵਨਾ ਅਧੀਨ ਅਚੇਤ ਜਾਂ ਸਚੇਤ ਇਹ ਸੋਝੀ ਜਾਗੀ ਕਿ ਇਸਲਾਮ ਦੀ ਆੜ ਹੇਠ, ਅਰਬ-ਸਾਮਰਾਜ ਦਾ ਦਾਬਾ ਸਹੀ ਜਾਣਾ ਕਾਇਰਤਾ ਹੈ, ਉਥੇ ਵੀ ਅਰਬ-ਵਿਰੋਧ, ਇਸਲਾਮ-ਵਿਰੋਧ ਦਾ ਰੰਗ ਧਾਰਨ ਨਾ ਕਰ ਸਕਿਆ। ਅਰਬ ਸ਼ਾਸਨ ਤੋਂ ਸੁਤੰਤਰ ਹੋਏ ਪਹਿਲੇ ਈਰਾਨੀ ਸਰਦਾਰ ਦਾ ਕਥਨ ਸੁਰੱਖਿਅਤ ਹੈ ਕਿ ਕੁਰਆਨ ਤੋਂ ਛੁੱਟ ਹੋਰ ਕਿਸੇ ਤਰ੍ਹਾਂ ਦੇ ਸਾਹਿੱਤ ਦੀ ਲੋੜ ਨਹੀਂ—ਜੇ ਅਨੁਕੂਲ ਹੈ ਤਾਂ ਫ਼ਾਲਤੂ ਹੈ, ਜੇ ਪ੍ਰਤਿਕੂਲ ਹੈ ਤਾਂ ਅਯੋਗ ਹੈ, ਇਸ ਲਈ ਦੋਵੇਂ ਤਰ੍ਹਾਂ ਕੁਰਆਨੋਂ-ਬਾਹਰਾ ਸਾਹਿੱਤ ਬੇਲੋੜਾ ਹੈ। ਕੁੱਝ ਮੁੱਢਲੇ ਅਰਬ ਲੇਖਕਾਂ ਵੱਲੋਂ ਪੱਛਮੋਤਰ ਜਾਂ ਪੱਛਮੀ ਤਟ ਦੇ ਭਾਰਤੀਆਂ ਦੇ ਧਰਮ ਤੇ ਦਰਸ਼ਨ, ਆਦਿ ਬਾਰੇ, ਜੋ ਸੂਚਨਾਤਮਕ ਸਾਹਿੱਤ ਰਚਿਆ ਗਿਆ ਸੀ, ਉਪਰੋਕਤ ਭਾਵਨਾ-ਅਧੀਨ, ਉਸ ਵਿੱਚੋਂ ਬਹੁਤ ਸਾਰਾ ਨਸ਼ਟ ਹੋਣ ਦਿੱਤਾ ਗਿਆ ਜਾਂ ਨਸ਼ਟ ਕਰ ਦਿੱਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਅਰਬੀ ਦੇ ਸਾਬਕਾ ਪ੍ਰੋਫ਼ੈਸਰ, ਜਨਾਬ

---

2. *ਮੁਆਸਿਰ-ਵ-ਮਆਰਿਫ਼*, (1971), ਦਿੱਲੀ, ਨਦਵਤੁਲ-ਮੁਸੱਨਿਫ਼ੀਨ, ਸਫ਼ਾ 120.
3. ਅੱਬੁਲ-ਇਰਫ਼ਾਨ (ਅਨੁਵਾਦਕ), ਮੂਲ ਲੇਖਕ, ਅਬਦੁਲ-ਹਈ, *ਇਸਲਾਮੀ ਉਲੂਮ-ਵ-ਫ਼ਨੂਨ ਹਿੰਦੋਸਤਾਨ ਮੇਂ*, (1969), ਆਜ਼ਮਗੜ੍ਹ, ਉੱਤਰ ਪ੍ਰਦੇਸ਼, ਦਾਰੁਲ-ਮੁਸੱਨਿਫ਼ੀਨ, ਸਫ਼ਾ 35.

ਖ਼ੁਰਸ਼ੀਦ ਅਹਮਦ ਫ਼ਾਰੂਕ, ਅੱਠ ਪੁਰਾਣੀਆਂ ਅਰਬੀ ਕਿਤਾਬਾਂ ਦੇ ਨਾਂ ਗਿਣਾ ਕੇ ਕਹਿੰਦੇ ਹਨ :

> ਇਹ ਸਾਰੀਆਂ ਕਿਤਾਬਾਂ ਅੱਜ ਲੋਪ ਹਨ...ਮਜ਼ਹਬਾਂ ਬਾਰੇ ਇਨ੍ਹਾਂ ਕਿਤਾਬਾਂ ਦੇ ਨਸ਼ਟ ਹੋਣ ਦਾ ਕਾਰਨ ਇਹ ਹੈ ਕਿ ਤੰਗ-ਨਜ਼ਰ ਉਲਮਾ ਨੇ...ਇਨ੍ਹਾਂ ਦੇ ਵਿਰੁੱਧ ਇਕ ਲਹਿਰ ਚਲਾ ਦਿੱਤੀ ਸੀ...ਇਸ ਲਈ ਕਿ ਇਨ੍ਹਾਂ ਵਿਚ ਗ਼ੈਰ-ਮੁਸਲਮਾਨ ਕੌਮਾਂ ਦੇ ਧਾਰਮਿਕ ਵਿਸ਼ਵਾਸਾਂ ਦਾ ਜ਼ਿਕਰ ਸੀ, ਜੋ ਇਨ੍ਹਾਂ ਵਿਦਵਾਨਾਂ ਦੀ ਨਜ਼ਰ ਵਿਚ ਝੂਠੇ ਸਨ। ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਕਿਤੇ ਇਹ ਕਿਤਾਬਾਂ ਪੜ੍ਹ ਕੇ ਮੁਸਲਮਾਨਾਂ ਦੇ ਵਿਸ਼ਵਾਸਾਂ ਵਿਚ ਕੋਈ ਫ਼ਤੂਰ ਨਾ ਪੈ ਜਾਵੇ ਜਾਂ ਉਹ ਡਾਵਾਂ-ਡੋਲ ਨਾ ਹੋ ਜਾਣ...।[4]

ਐਸੇ ਕੱਟੜ ਲੋਕਾਂ ਨਾਲ, ਜਿਨ੍ਹਾਂ ਨੂੰ ਆਪਣੇ ਮਜ਼ਹਬ ਦੇ ਸਭ ਮਜ਼ਹਬਾਂ ਤੋਂ ਸ੍ਰੇਸ਼ਟ ਹੋਣ, ਆਪਣੇ ਰਸੂਲ ਦੇ ਆਖ਼ਰੀ ਤੇ ਸਰਬੋਤਮ ਰਸੂਲ ਹੋਣ ਅਤੇ ਕੁਰਆਨ ਦੇ ਆਪ ਅੱਲਾਹ ਦੇ ਖ਼ਾਸ ਕਲਾਮ ਹੋਣ ਵਿਚ ਦ੍ਰਿੜ੍ਹ ਵਿਸ਼ਵਾਸ ਸੀ ਤੇ ਜਿਨ੍ਹਾਂ ਨੂੰ ਧਰਮ-ਜੁੱਧ ਵਿਚ ਜਾਨ ਦੇਣ ਦੇ ਬਦਲੇ ਜੰਨਤ ਤੇ ਜੰਨਤ ਦੀਆਂ ਹੂਰਾਂ ਮਿਲਣ ਦੀ ਪੱਕੀ ਆਸ ਸੀ, ਵਾਹ ਪੈ ਗਿਆ।

ਪੱਛਮੋਤਰ ਦੀਆਂ ਉਨ੍ਹਾਂ ਹਕੂਮਤਾਂ ਨਾਲ, ਜੋ ਬੁਤ-ਪੂਜਦੀਆਂ ਸਨ ਅਤੇ ਜਿਨ੍ਹਾਂ ਦਾ ਦੇਵੀ-ਦੇਵਤਿਆਂ, ਕਰਮ-ਕਾਂਡ ਤੇ ਜਾਤ-ਪਾਤ ਵਿਚ ਵਿਸ਼ਵਾਸ ਸੀ, ਸਪੱਸ਼ਟ ਹੈ ਕਿ ਅਰਬੀ-ਇਸਲਾਮੀ ਤਹਿਜ਼ੀਬ ਹੋਰ ਸਾਰੀਆਂ ਮੱਧ-ਜੁਗੀ ਤਹਿਜ਼ੀਬਾਂ ਨਾਲੋਂ ਵੱਖਰੀ ਤੇ ਕਈ ਪੱਖਾਂ ਵਿਚ ਅਗਲੇਰੇ ਪੜਾ ਦੀ ਤਹਿਜ਼ੀਬ ਸੀ। ਅਫ਼ਰੀਕਾ ਤੇ ਏਸ਼ੀਆ ਦੇ ਜਿਸ ਜਿਸ ਦੇਸ ਨਾਲ ਵੀ ਉਸ ਦਾ ਵਾਹ ਪਿਆ, ਉਹ ਦੇਸ ਉਹ ਨਾ ਰਹਿ ਸਕਿਆ, ਜੋ ਪਹਿਲਾਂ ਹੁੰਦਾ ਸੀ। ਇਹ ਵੱਖਰੀ ਗੱਲ ਹੈ ਕਿ ਈਰਾਨ ਦੇ ਮੱਟ ਵਿਚ ਪੈ ਕੇ ਅਰਬ ਵਾਲਾ ਇਸਲਾਮ, ਸਮਾਂ ਪਾ ਕੇ, ਈਰਾਨੀ ਬਣ ਗਿਆ ਤੇ ਹਿੰਦੁਸਤਾਨੀ ਮੱਟ ਵਿਚ ਪੈ ਕੇ ਇਹ ਅਰਬੀ-ਈਰਾਨੀ ਤੇ ਤੁਰਕ-ਪਠਾਣੀ ਇਸਲਾਮ ਹਿੰਦੁਸਤਾਨੀ ਬਣ ਗਿਆ, ਪਰ ਇਸਲਾਮ ਦੇ ਈਰਾਨੀ ਬਣ ਜਾਣ ਦੇ ਬਾਵਜੂਦ ਈਰਾਨ, ਪੁਰਾਣਾ ਈਰਾਨ ਨਾ ਰਿਹਾ ਤੇ ਉਸ ਦੇ ਹਿੰਦੁਸਤਾਨੀ ਬਣ ਜਾਣ ਦੇ ਬਾਵਜੂਦ, ਜੋ ਸਾਰਾ ਹਿੰਦੁਸਤਾਨ ਨਹੀਂ ਤਾਂ ਪੱਛਮੋਤਰ ਅਵੱਸ਼, ਪੁਰਾਣਾ ਪੱਛਮੋਤਰ ਨਾ ਰਹਿ ਗਿਆ।[5] ਰਹਿ ਵੀ ਕਿਵੇਂ ਸਕਦਾ ਸੀ, ਜਦ ਸਿੰਧ-ਮੁਲਤਾਨ ਦਾ ਇਲਾਕਾ, ਮਹਮੂਦ ਗ਼ਜ਼ਨਵੀ ਦੇ ਪ੍ਰਵੇਸ਼ ਤੋਂ ਤਕਰੀਬਨ ਪੌਣੇ ਤਿੰਨ ਸੌ ਵਰ੍ਹੇ ਪਹਿਲਾਂ, ਨਿਰੋਲ ਅਰਬੀ ਨਸਲ ਦੇ ਮੁਸਲਮਾਨ ਹਾਕਮਾਂ ਦੇ ਅਧੀਨ ਰਹਿ ਚੁੱਕਿਆ ਸੀ।[6]

ਵੈਸੇ, ਪੌਣੇ ਤਿੰਨ ਸੌ ਸਾਲ ਦੇ ਸਿੱਧੇ ਇਸਲਾਮੀ-ਅਰਬੀ ਰਾਜ ਦੇ ਬਾਵਜੂਦ,

---

4. *ਅਰਬੀ ਲਿਟਰੇਚਰ ਮੇਂ ਕਦੀਮੀ ਹਿੰਦੋਸਤਾਨ,* (1973), ਦਿੱਲੀ ਨਦਵਤੁਲ-ਮੁਸੱਨਿਫ਼ੀਨ, ਸਫ਼ਾ 16.
5. "Afterwards...this portion of India, including Multan, throughout much of its history was inclined to be more Iranian than Indian, as its arts even now plainly testify," Browne, Percy, *Indian Architecture (Islami Period)*, Bombay, D.B. Taraporewala Sons & Co. Pvt. Ltd., (1975), p. 32, 6th reprint, p. 32.
6. *ਹਿੰਦੋਸਤਾਨ ਮੇਂ ਅਰਬੋਂ ਕੀ ਹਕੂਮਤੇ*, ਸਫ਼ਾ 21.

ਉਸ ਦਾ ਜੋ ਪ੍ਰਭਾਵ ਧੁਰ ਪੱਛਮੋਤਰ ਉੱਤੇ ਅਤੇ ਪਿੱਛੋਂ ਜਾ ਕੇ ਨਿਰੋਲ ਪੰਜਾਬ ਉੱਤੇ ਪਿਆ, ਉਸ ਨੂੰ ਮਿੱਸਾ ਅਰਬੀ-ਫ਼ਾਰਸੀ ਪ੍ਰਭਾਵ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ। ਮੱਧ-ਕਾਲੀ ਈਰਾਨ ਤੇ ਉਸ ਦੀ ਭਾਸ਼ਾ ਫ਼ਾਰਸੀ ਨਾਲ, ਪੱਛਮੋਤਰ ਦੇ ਸੰਪਰਕ ਬਾਰੇ ਕਾਫ਼ੀ ਗਵਾਹੀਆਂ ਮਿਲਦੀਆਂ ਹਨ। ਅਰਬ-ਯਾਤਰੀਆਂ ਦੀਆਂ ਲਿਖਤਾਂ ਅਨੁਸਾਰ ਸਿੰਧ-ਮੁਲਤਾਨ ਪ੍ਰਦੇਸ਼ ਵਿਚ ਅਰਬੀ ਦੇ ਨਾਲ, ਫ਼ਾਰਸੀ ਵੀ ਬੋਲੀ ਜਾਂਦੀ ਸੀ।[7] 642-43 ਈ. ਵਿਚ ਜਦੋਂ ਅਰਬੀ ਮੁਸਲਮਾਨਾਂ ਨੇ ਈਰਾਨ ਨੂੰ ਫ਼ਤਹਿ ਕੀਤਾ, ਉਦੋਂ ਕਈ ਈਰਾਨੀ ਭੱਜ ਕੇ ਸਿੰਧ ਦੇ ਰਾਜਾ ਛੱਛ ਦੇ ਰਾਜ ਵਿਚ ਆ ਟਿਕੇ ਸਨ।[8] ਮਨਸੂਰਾ (ਸਿੰਧ) ਦੀ ਹੱਬਾਰੀ ਤੇ ਮੁਲਤਾਨ ਦੀ ਸਾਮੱਯਾ ਹਕੂਮਤਾਂ ਦੇ, ਈਰਾਨ ਨਾਲ ਵਪਾਰੀ ਤੇ ਕਲਚਰੀ ਸੰਬੰਧਾਂ ਦੇ ਕਾਰਨ ਵੀ, ਪੱਛਮੋਤਰ ਵਿਚ ਈਰਾਨੀਆਂ ਦੇ ਆਉਣ-ਜਾਣ ਦਾ ਸਬਬ ਬ਼ਣਿਆ ਹੋਇਆ ਸੀ। ਮਹਮੂਦ ਗ਼ਜ਼ਨਵੀ ਤੋਂ ਪਿੱਛੋਂ ਅਬਦਾਲੀ ਤਕ, ਜਿੰਨੀਆਂ ਵੀ ਇਸਲਾਮੀ ਹਕੂਮਤਾਂ ਕਾਇਮ ਹੋਈਆਂ, ਸਭ ਦੀ ਧਾਰਮਿਕ ਭਾਸ਼ਾ ਅਰਬੀ ਤੇ ਸਿੱਖਿਆ, ਕਲਚਰ, ਨਿਆਂ ਰਾਜ-ਪ੍ਰਬੰਧ ਤੇ ਵਪਾਰ, ਆਦਿ ਦੀ ਭਾਸ਼ਾ ਫ਼ਾਰਸੀ ਰਹੀ। ਮਸਊਦ-ਸਅਦ-ਬਿਨ ਸਲਮਾਨ, ਇਰਾਕੀ (ਜੋ ਮੁਲਤਾਨ ਦੇ ਹਜ਼ਰਤ ਬਹਾਉਦ੍-ਦੀਨ ਜ਼ਕਰੀਆ ਦਾ ਮੁਰੀਦ ਤੇ ਜਵਾਈ ਬਣਿਆ), ਅਮੀਰ ਖ਼ੁਸਰੌ, ਉਰਫ਼ੀ ਤੇ ਫ਼ੈਜ਼ੀ ਵਰਗੇ ਪ੍ਰਸਿੱਧ ਫ਼ਾਰਸੀ ਕਵੀਆਂ ਨੇ, ਆਪੋ-ਆਪਣੇ ਸਮੇਂ ਵਿਚ, ਪੰਜਾਬ ਦਾ ਸਾਹਿੱਤਿਕ ਪਿੜ ਮੱਲੀ ਰੱਖਿਆ। ਫ਼ਿਰਦੌਸੀ, ਸਾਅਦੀ, ਰੂਮੀ, ਹਾਫ਼ਿਜ਼ ਤੇ ਜਾਮੀ ਵਰਗੇ ਫ਼ਾਰਸੀ ਦੇ ਸ਼ਾਸਤਰੀ ਕਵੀ, ਜੋ ਪਾਠ-ਕ੍ਰਮ ਦਾ ਭਾਗ ਸਨ, ਇਨ੍ਹਾਂ ਤੋਂ ਇਲਾਵਾ ਸਨ। ਕੁੱਝ ਸਮਾਂ ਤਾਂ ਐਸਾ ਵੀ ਲੰਘਿਆ ਕਿ ਈਰਾਨ ਦੇ ਚੰਗੇ ਚੰਗੇ ਕਵੀ ਤੇ ਵਿਦਵਾਨ, ਸਰਪ੍ਰਸਤੀ ਦੀ ਝਾਕ ਵਿਚ ਹਿੰਦੁਸਤਾਨ ਵੱਲ ਭੱਜੇ ਆਉਂਦੇ ਸਨ। ਤਿਹਰਾਨ ਦੇ ਸ਼ਾਇਰ ਅਲੀ ਕੁਲੀ ਸਲੀਮ ਦਾ ਇਕ ਸ਼ਿਅਰ ਹੈ:

نیست در ایراں زمیں سامان تحصیل کمال
تا نیاید سوئے ہندوستاں حنا رنگیں نشد

ਅਰਥਾਤ, ਈਰਾਨ ਦੀ ਧਰਤੀ ਵਿਚ ਕਮਾਲ ਤਕ ਪਹੁੰਚਣ ਦਾ ਕੋਈ ਸਾਧਨ ਨਹੀਂ ਹੈ; ਮਹਿੰਦੀ, ਜਿੰਨਾ ਚਿਰ ਹਿੰਦੁਸਤਾਨ ਵਿਚ ਨਹੀਂ ਆਈ, ਰੰਗ ਨਹੀਂ ਫੜ ਸਕੀ! ਕੁੱਝ ਇਸੇ ਤਰ੍ਹਾਂ ਦੇ ਭਾਵ ਕਲੀਮ ਤੇ ਮਿਰਜ਼ਾ ਸਾਹਿਬਾਂ ਦੀ ਰਚਨਾ ਵਿਚ ਵੀ ਮਿਲ ਜਾਂਦੇ ਹਨ।[9] ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵੀ, ਜਦੋਂ ਅਰਬੀ ਭਾਸ਼ਾ, ਰਾਜ ਦੀ ਧਾਰਮਿਕ ਭਾਸ਼ਾ ਨਹੀਂ ਸੀ ਰਹੀ--ਬਲਕਿ ਅੰਗਰੇਜ਼ਾਂ ਦੇ ਆਉਣ ਤੋਂ ਕੁੱਝ ਚਿਰ ਪਿੱਛੋਂ ਤਕ ਵੀ, ਫ਼ਾਰਸੀ, ਰਾਜ-ਪ੍ਰਬੰਧ ਦਾ ਮਾਧਿਅਮ ਬਣੀ ਰਹੀ। ਸਿੱਖ ਦਰਬਾਰ

---

7. *ਉਕਤ*, ਸਫ਼ਾ 246.
8. ਕੁੱਦੂਸੀ, ਇਅਜਾਜ਼ੁਲ-ਹੱਕ, *ਤਾਰੀਖ਼ਿ-ਸਿੰਧ*, ਪਹਿਲਾ ਹਿੱਸਾ (1976), ਦੂਜੀ ਵਾਰ, ਲਾਹੌਰ, ਮਰਕਜ਼ੀ ਉਰਦੂ ਬੋਰਡ, ਸਫ਼ਾ 63.
9. Chopra, P.N., *Life and Letters under the Mughals*, (1976), New Delhi, Ashajanak Publications, p. 316.

ਦੇ ਸਾਰੇ ਰੋਜ਼ਨਾਮਚੇ ਫ਼ਾਰਸੀ ਵਿਚ ਸਨ। ਸੋਹਨ ਲਾਲ ਸੂਰੀ ਦੀ ਕਿਤਾਬ *ਉਮਦਤੁੱਤ-ਤਵਾਰੀਖ਼* ਫ਼ਾਰਸੀ ਵਿਚ ਹੈ; *ਤਹਕੀਕਾਤਿ-ਚਿਸ਼ਤੀ* ਦੀਆਂ ਸਾਰੀਆਂ ਜਿਲਦਾਂ ਵੀ ਫ਼ਾਰਸੀ ਵਿਚ ਹਨ। ਪੰਜਾਬੀ ਦਾ ਕਵੀ ਅਹਿਮਦ ਯਾਰ, ਆਪਣੀ ਇਤਿਹਾਸਿਕ ਕਿਤਾਬ *ਸ਼ਾਹਨਾਮਾ* ਲਿਖਣ ਲਈ ਫ਼ਾਰਸੀ ਨੂੰ ਹੀ ਮਾਧਿਅਮ ਬਣਾਉਂਦਾ ਹੈ। ਹੋਰ ਤਾਂ ਹੋਰ, ਡਾ. ਸਰ ਮੁਹੰਮਦ ਇਕਬਾਲ ਨੇ ਵੀਹਵੀਂ ਸਦੀ ਵਿਚ, ਫ਼ਾਰਸੀ ਨੂੰ ਉਰਦੂ ਨਾਲੋਂ ਚੰਗੇਰਾ ਤੇ ਵਧੇਰੇ ਕੁਸ਼ਲ ਮਾਧਿਅਮ ਮੰਨ ਕੇ ਹੀ, ਉਸ ਵਿਚ ਆਪਣੀ ਬਹੁਤ ਸਾਰੀ ਰਚਨਾ ਕੀਤੀ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਪੜ੍ਹਾਈ ਦੇ ਪਹਿਲੇ ਦਿਨ, ਲੱਕੀ ਮਰਵਤ, ਜ਼ਿਲ੍ਹਾ ਬੰਨੂ (ਸੂਬਾ ਸਰਹਦ, ਹੁਣ ਪਾਕਿਸਤਾਨ) ਵਿਚ ਜੋ ਬੱਚਿਆਂ ਵਾਲਾ ਕਾਇਦਾ ਖ਼ਰੀਦਣ ਲਈ ਕਿਹਾ ਗਿਆ ਸੀ, ਉਹ ਫ਼ਾਰਸੀ ਸਿਖਾਉਂਦਾ ਸੀ। ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਹੈ ਕਿ ਪੰਜਾਬੀ ਸਾਹਿੱਤ ਤੇ ਜੀਵਨ ਉੱਤੇ, ਨਿਰੋਲ ਅਰਬੀ ਪ੍ਰਭਾਵ ਦੀ ਥਾਂ ਮਿੱਸਾ ਜਾਂ ਅਰਬੀ-ਈਰਾਨੀ-ਇਸਲਾਮੀ ਪ੍ਰਭਾਵ ਪਿਆ ਤੇ ਪਿਆ ਵੀ ਡੂੰਘਾ ਤੇ ਵਿਆਪਕ। ਜੇ ਮੁਸਲਮਾਨ ਸ਼ਾਸਕ, ਜਿਨ੍ਹਾਂ ਦਾ ਝੰਡਾ ਸੱਤਵੀਂ-ਅੱਠਵੀਂ ਸਦੀ ਈਸਵੀ ਤੋਂ ਅਠਾਰ੍ਹਵੀਂ ਸਦੀ ਦੇ ਅੰਤ ਤਕ, ਪੱਛਮੋਤਰ ਉੱਤੇ ਝੁੱਲਦਾ ਰਿਹਾ, ਬਦੇਸੀ ਹੀ ਰਹਿੰਦੇ ਤਾਂ ਵੱਖਰੀ ਗੱਲ ਹੁੰਦੀ, ਪਰ ਇਨ੍ਹਾਂ ਨੇ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਵਿਚ, ਇਸ ਦੇਸ ਨੂੰ ਆਪਣਾ ਪੱਕਾ ਘਰ ਬਣਾ ਲਿਆ, ਉੱਤੋਂ ਲੱਖਾਂ ਦੇਸੀ ਲੋਕਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ ਅਤੇ ਸਭ ਤੋਂ ਵੱਡੀ ਗੱਲ ਇਹ ਹੋਈ ਕਿ ਸੂਫ਼ੀ ਪ੍ਰਚਾਰਕਾਂ ਤੇ ਸਾਹਿੱਤਕਾਰਾਂ, ਬਲਕਿ ਕਈ ਆਲਿਮਾਂ ਨੇ ਵੀ, ਪੱਛਮੋਤਰੀ ਲੋਕ-ਭਾਸ਼ਾਵਾਂ ਨੂੰ ਆਪਣਾ ਸਾਹਿੱਤਿਕ ਮਾਧਿਅਮ ਬਣਾ ਲਿਆ।[10] ਇਸ ਵੰਨਗੀ ਵਿੱਚੋਂ, ਪੰਜਾਬੀ ਸਾਹਿੱਤ ਤੇ ਸੱਭਿਆਚਾਰ ਦੇ ਇਤਿਹਾਸਾਂ ਵਿਚ ਸ਼ਾਹ ਮਦਾਰ, ਬਾਬਾ ਫ਼ਰੀਦ, ਸ਼ੈਖ਼ ਬਹਾਉਦ੍-ਦੀਨ ਜ਼ਕਰੀਆ (ਬਹਾਵਦੀ), ਸੱਯਦ ਜਲਾਲੁਦ੍-ਦੀਨ ਬੁਖ਼ਾਰੀ (ਉੱਚ ਸ਼ਰੀਫ਼), ਸਖ਼ੀ ਸਰਵਰ, ਮਸਊਦ-ਬਿਨ-ਸਅਦ-ਬਿਨ ਸਲਮਾਨ, ਸ਼ਾਹ ਸ਼ਮਸ ਸਬਜ਼ਵਾਰੀ ਤੇ ਅਮੀਰ ਖ਼ੁਸਰੋ ਦੇ ਨਾਵਾਂ ਦਾ ਜ਼ਿਕਰ ਮਿਲ ਜਾਂਦਾ ਹੈ। ਸਿੰਧੀ ਸਾਹਿੱਤ ਦੇ ਇਤਿਹਾਸ ਵਿਚ ਸ਼ੈਖ਼ ਹੱਮਾਦ ਠਠਵੀ, ਦਰਵੇਸ਼ ਨੂਹ, ਪੀਰ ਸਦਰੁਦ-ਦੀਨ (ਇਸੇ ਨੂੰ ਅਬਦੁਲ-ਗ਼ਫ਼ੂਰ ਕੁਰੈਸ਼ੀ ਨੇ, *ਪੰਜਾਬੀ ਅਦਬ ਦੀ ਕਹਾਣੀ* (1972) ਦੇ ਸਫ਼ਾ 193 ਉੱਤੇ ਪੰਜਾਬੀ ਕਵੀ ਦੱਸਿਆ ਹੈ), ਮੀਰ ਹਸਨ ਕਬੀਰੁੱਦ-ਦੀਨ, ਪੀਰ ਮੁਰਾਦ ਸ਼ੀਰਾਜ਼ੀ, ਮੀਰ ਸੱਯਦ ਅਲੀ ਸਾਨੀ ਸ਼ੀਰਾਜ਼ੀ, ਆਦਿ ਦੇ ਨਾਂ ਮਿਲਦੇ ਹਨ।[11] ਗ਼ੈਰ-ਮੁਸਲਮਾਨ ਦੇਸੀ ਲੋਕਾਂ ਦੇ ਗਵਾਂਢ ਵਿਚ ਰਹਿਣ ਕਾਰਨ, ਵਿਸ਼ੇਸ਼ ਕਰਕੇ ਪਿੰਡਾਂ ਵਿਚ, ਅਤੇ ਨਿੱਤ ਦੇ ਕਾਰ-ਵਿਹਾਰ ਦੇਸੀ ਭਾਸ਼ਾਵਾਂ ਵਿਚ ਕਰਨ ਦੀ ਮਜਬੂਰੀ ਨੇ, ਬਦੇਸੀ ਮੁਸਲਮਾਨਾਂ ਨੂੰ, ਗ਼ੈਰ ਕਲਚਰਾਂ ਪ੍ਰਤਿ ਸਹਿਨਸ਼ੀਲ ਹੋਣ ਵਾਲੀ ਨੀਤੀ ਧਾਰਨ

---

10. *ਅਜਾਇਬੁਲ-ਹਿੰਦ* ਦੇ ਲੇਖਕ ਪਾਸ ਪੁੱਜੀ ਸੂਚਨਾ ਅਨੁਸਾਰ 'ਅਲੋਰ' ਦੇ ਰਾਜੇ ਮਹਿਰੂਕ-ਬਿਨ-ਗਾਇਕ ਨੇ 270 ਹਿ. ਵਿਚ ਮਨਸੂਰਾ ਦੇ ਹਾਕਮ ਅਬਦੁਲ-ਬਿਨ-ਉਮ-ਬਿਨ-ਅਬਦੁਲ-ਅਜ਼ੀਜ਼ ਪਾਸੋਂ ਇਕ 'ਹਿੰਦੀ [ਸਿੰਧੀ-ਪੰਜਾਬੀ (ਸੰਪਾ.)] ਜਾਣਦੇ ਮੁਸਲਮਾਨ' ਵਿਦਵਾਨ ਦੀ ਮੰਗ ਕੀਤੀ। ਉਸ ਨੇ ਮਨਸੂਰਾ ਦੇ ਇਕ ਇਰਾਕੀ ਵਿਦਵਾਨ ਨੂੰ ਭੇਜਿਆ, ਜਿਸ ਨੇ 'ਹਿੰਦੀ' ਵਿਚ ਕੁਰਆਨ ਦੀ ਵਿਆਖਿਆ ਕੀਤੀ। (*ਹਿੰਦੋਸਤਾਨ ਮੇਂ ਅਰਬੋਂ ਕੀ ਹਕੂਮਤੇ*, ਸਫ਼ਾ 92)
11. *ਤਾਰੀਖ਼ਿ-ਸਿੰਧ*, ਸਫ਼ਾ 493.

ਉੱਤੇ ਮਜਬੂਰ ਕਰ ਦਿੱਤਾ। ਦੇਸੀ ਲੋਕਾਂ ਵਿਚ ਵੀ ਮੁਸਲਮਾਨਾਂ ਪ੍ਰਤਿ ਅਸਪ੍ਰਿੱਸ਼ਤਾ ਜਾਂ ਭਿੱਟ ਮਨਾਉਣ ਵਾਲੀ ਨੀਤੀ ਵਿਚ ਢਿਲਿਆਈ ਆਈ, ਇਸ ਲਈ ਜੀਵਨ ਦੇ ਅਨੇਕ ਪੱਥਰਾਂ ਉੱਤੇ ਆਪਸੀ ਸਮਝੌਤੇ ਤੇ ਲੈਣ-ਦੇਣ ਸ਼ੁਰੂ ਹੋ ਗਏ। ਇਸ ਤਰ੍ਹਾਂ ਦੇ ਜੋ ਜਤਨ ਧਾਰਮਿਕ ਖੇਤਰ ਵਿਚ ਹੋਏ, ਉਨ੍ਹਾਂ ਦਾ ਆਰੰਭ ਸਿੰਧ-ਮੁਲਤਾਨ ਖੇਤਰ ਵਿਚ ਹੀ ਹੋਇਆ; ਮਸਲਨ, ਸਦਰੁਦ-ਦੀਨ ਇਸਮਈਲੀ ਨੇ, ਸਿੰਧ ਦੀ ਦੇਸੀ ਵੱਸੋਂ ਵਿਚ ਪਰਵਾਨ ਹੋਣ ਲਈ, ਆਪਣਾ ਇਕ ਹਿੰਦੂਆਂ ਵਾਲਾ ਨਾਂ ਰੱਖ ਲਿਆ ਤੇ *ਦਸ ਅਵਤਾਰ* ਨਾਂ ਦੀ ਕਿਤਾਬ ਰਚ ਕੇ ਉਸ ਵਿਚ ਹਜ਼ਰਤ ਅਲੀ ਜੀ ਨੂੰ ਦਸਵਾਂ ਅਵਤਾਰ ਸਿੱਧ ਕੀਤਾ।[12] ਇਸੇ ਮੱਤ ਦਾ ਇਕ ਆਗੂ ਇਮਾਮੁਦ-ਦੀਨ ਹੁਸੈਨੀ, ਗੁਜਰਾਤ (ਕਾਠੀਆਵਾੜ) ਵਿਚ ਹੋਇਆ, ਜਿਸ ਨੇ *ਸਤ ਦੀਨੀ* ਕਿਤਾਬ ਗੁਜਰਾਤੀ ਵਿਚ ਰਚੀ। ਇਸ ਵਿਚ ਹਜ਼ਰਤ ਅਲੀ ਨੂੰ ਸ੍ਰੀ ਕ੍ਰਿਸ਼ਨ ਦਾ ਅਵਤਾਰ ਦੱਸਿਆ ਗਿਆ ਸੀ।[13] ਇਨ੍ਹਾਂ ਇਸਮਈਲੀਆਂ ਨੇ ਆਪਣੇ ਹਿੰਦੂ ਮੁਰੀਦਾਂ ਨੂੰ ਹਿੰਦੂਆਂ ਵਾਲੀ ਸੰਪ੍ਰਦਾਇਕ ਪੋਸ਼ਾਕ ਪਹਿਨਣ ਦੀ ਆਗਿਆ ਦਿੱਤੀ ਹੋਈ ਸੀ, ਉਨ੍ਹਾਂ ਲਈ ਮਾਸ-ਆਹਾਰ ਦੀ ਮਨਾਹੀ ਕੀਤੀ ਹੋਈ ਸੀ, ਨਮਾਜ਼ ਪੜ੍ਹਨ ਤੋਂ ਛੋਟ ਦਿੱਤੀ ਹੋਈ ਸੀ, ਵੁਜ਼ੂ ਦੀ ਥਾਂ ਇਸ਼ਨਾਨ ਦੀ ਖੁੱਲ੍ਹ ਕਰ ਦਿੱਤੀ ਸੀ[14] ਤੇ ਮਸੀਤ ਨੂੰ 'ਅਲੀ ਜੀ ਦਾ ਮੰਦਿਰ' ਸੱਦਣਾ ਸ਼ੁਰੂ ਕਰ ਦਿੱਤਾ ਸੀ।[15] ਇਸੇ ਤਰ੍ਹਾਂ ਭਗਤ ਕਬੀਰ ਜੀ ਦਾ 'ਕਬੀਰ ਪੰਥ', ਬੀਰ ਭਾਨ ਦਾ 'ਸਾਧ' ਜਾਂ 'ਸਤਨਾਮੀ ਮਤਿ', ਅਕਬਰ ਦਾ 'ਦੀਨਿ-ਇਲਾਹੀ', ਦਾਰਾ ਸ਼ਿਕੋਹ ਦੇ 'ਪੂਜ', ਬਾਬਾ ਲਾਲ ਦੀ 'ਲਾਲ-ਦਾਸੀ ਸੰਪ੍ਰਦਾਇ', *ਕੁਲਜ਼ਮ ਸਰੂਪ* ਦੇ ਕਰਤਾ, ਪ੍ਰਾਣ ਨਾਥ ਗੁਜਰਾਤੀ ਦਾ 'ਧਰਨੀ ਮਤਿ', ਰਾਮ ਚਰਨ ਦੀ 'ਰਾਮ-ਸਨੇਹੀ' ਸੰਪ੍ਰਦਾਇ ਤੇ ਹੋਰ ਅਣਗਿਣਤ ਛੋਟੀਆਂ ਵੱਡੀਆਂ ਧਾਰਮਿਕ ਸੰਪ੍ਰਦਾਵਾਂ ਇਕ ਬੰਨਿਓਂ ਉਪਰੋਕਤ ਪ੍ਰਕਾਰ ਦੇ ਮੁਸਲਿਮ-ਹਿੰਦੂ ਜਾਂ ਹਿੰਦੂ-ਮੁਸਲਿਮ ਸਮਝੌਤੇ ਦੀਆਂ ਅਤੇ ਦੂਜੇ ਬੰਨਿਓਂ ਦੀਰਘ ਤੇ ਵਿਆਪਕ ਇਸਲਾਮੀ ਪ੍ਰਭਾਵ ਦੀਆਂ ਸੂਚਕ ਹਨ। ਕੁੱਝ ਵਿਦਵਾਨ ਖ਼ੁਦ ਸਿੱਖ ਧਰਮ ਨੂੰ ਵੀ ਇਸੇ ਸੂਚੀ ਵਿਚ ਸ਼ਾਮਿਲ ਕਰਨਾ ਪਸੰਦ ਕਰਦੇ ਹਨ।

ਡਾ. ਦਿਨੇਸ਼ ਚੰਦ੍ਰ ਸੇਨ ਨੇ ਆਪਣੀ ਪੁਸਤਕ *ਹਿਸਟਰੀ ਔਵ ਬੰਗਾਲੀ ਲੈਂਗੁਏਜ਼ ਐਂਡ ਲਿਟਰੇਚਰ* ਵਿਚ, ਯਾਰ੍ਹਵੀਂ ਸਦੀ ਦੇ ਇਕ ਬੰਗਾਲੀ, ਰਮਈ ਪੰਡਿਤ ਦੇ *ਸ਼ੂਨ੍ਯ ਪੁਰਾਣ* ਦੇ ਇਕ ਕਾਂਡ 'ਨਿਰੰਜਨੇਰ ਰੁਖ਼ਮ' ਦੀ, ਜੋ 14ਵੀਂ ਸਦੀ ਦਾ ਹਸਤਾਖੇਪ ਮੰਨਿਆ ਜਾਂਦਾ ਹੈ, ਇਕ ਕਥਾ ਦਾ ਸਾਰ ਦਿੱਤਾ ਹੈ, ਜਿਸ ਅਨੁਸਾਰ ਬ੍ਰਾਹਮਣਾਂ ਦੇ ਅੱਤਿਆਚਾਰ ਤੋਂ ਤੰਗ ਆ ਕੇ, ਬੈਕੁੰਠ ਵਿਚ ਬਿਸਰਾਮ ਕਰਦੇ 'ਧਰਮ' ਅੱਗੇ, ਸਤ-ਧਰਮੀ (ਬੋਧੀ), ਰੱਖਿਆ ਦਾ ਵਾਸਤਾ ਪਾਉਂਦੇ ਹਨ। ਧਰਮ, ਸਿਰ ਉੱਤੇ ਕਾਲੀ ਟੋਪੀ ਪਹਿਨ, ਹੱਥ ਵਿਚ ਕਮਾਨ ਫੜ, ਘੋੜੇ ਉੱਤੇ ਸਵਾਰ ਹੋ 'ਭਿਸ਼ਤ' (ਬਹਿਸ਼ਤ = ਸੁਰਗ) ਵਿਚ ਮੁਸਲਮਾਨੀ ਵੇਸ ਧਾਰ ਲੈਂਦਾ ਹੈ ਤੇ ਆਪਣਾ ਨਾਂ 'ਖ਼ੁਦਾ'

12. *ਇਸਲਾਮੀ ਉਲੂਮ-ਵ-ਫ਼ਨੂਨ ਹਿੰਦੋਸਤਾਨ ਮੇਂ*, ਸਫ਼ਾ 294.
13. *ਉਹੀ*।
14. *ਉਹੀ*।
15. *ਉਹੀ*।

ਧਰ ਲੈਂਦਾ ਹੈ। ਇਸ ਪਿਰਤ ਨੂੰ ਵੇਖ ਕੇ 'ਬ੍ਰਹਮਾ', 'ਮੁਹੱਮਦ' ਦਾ ਰੂਪ ਧਾਰ ਲੈਂਦਾ ਹੈ। 'ਵਿਸ਼ਣੂ', 'ਪੈਗ਼ੰਬਰ' ਦੇ; 'ਸ਼ਿਵ', 'ਆਦਮ' ਦੇ; 'ਗਣੇਸ਼', 'ਗ਼ਾਜ਼ੀ' ਦੇ; 'ਕਾਰਤਿਕ', 'ਕਾਜ਼ੀ' ਦੇ; 'ਨਾਰਦ', 'ਸ਼ੇਖ਼' ਦੇ ਤੇ 'ਇੰਦਰ', 'ਮੌਲਵੀ' ਦੇ ਰੂਪ ਵਿਚ ਸਾਹਮਣੇ ਆਉਂਦੇ ਹਨ। 'ਰਿਸ਼ੀ', 'ਫ਼ਕੀਰ' ਬਣ ਕੇ ਅਤੇ ਸੂਰਜ, ਚੰਦ੍ਰਮਾ ਤੇ ਹੋਰ ਦੇਵਤੇ ਪਿਆਦੇ ਬਣ ਕੇ, ਨਗਾਰੇ ਵਜਾਉਂਦੇ ਹਨ; 'ਚੰਡੀ', 'ਹਯਾ ਬੀਬੀ' ਦਾ ਤੇ 'ਪਦਮਾਵਤੀ', 'ਬੀਬੀ ਨੂਰ' ਦਾ ਰੂਪ ਧਾਰ ਕੇ ਮੰਦਿਰ ਤੇ ਮੱਠ ਢਾਹੁਣੇ ਸ਼ੁਰੂ ਕਰ ਦੇਂਦੀ ਹੈ ਤੇ ਫੜੋ-ਫੜੀ ਦਾ ਸ਼ੋਰ ਮੱਚ ਉੱਠਦਾ ਹੈ...।[16]

ਸਪੱਸ਼ਟ ਹੈ ਕਿ ਇਹ ਕਥਾ ਬ੍ਰਾਹਮਣਾਂ ਦੇ ਹੱਥੋਂ ਤੰਗ ਆਏ ਕਿਸੇ ਬੋਧੀ ਜਾਂ ਬੋਧੀਆਂ ਦੇ ਹਮਦਰਦ ਦੀ ਕਾਢ ਹੈ ਤੇ ਉਸ ਨੇ ਇਸਲਾਮ ਦਾ ਅਵਰਤਣ, ਬ੍ਰਾਹਮਣ ਕੁਲ ਦੇ ਸਰਬ-ਨਾਸ਼ ਲਈ ਹੋਇਆ ਕਲਪਿਆ ਹੈ। ਇਸੇ ਪ੍ਰਕਾਰ ਦੀ ਸੋਚਣੀ ਦਾ ਇਕ ਨਮੂਨਾ ਪੰਜਾਬ ਵਿਚ ਰਚੀ ਗਈ *ਊਧੋ ਦੀ ਗੋਸਟ* ਵਿਚ ਪ੍ਰਾਪਤ ਹੈ:

ਤਬ ਊਧੋ ਉਠਿ ਕਰਿ ਕਹਾ ਕਿ ਸ੍ਰੀ ਠਾਕੁਰ ਜੀ
ਜਿਸ ਕਉ ਤੂ ਕਿਰਪਾ ਕਰਹਿ ਸੋਈ ਤੇਰਾ ਨਾਮੁ ਲੇਇ...
ਤਬ ਠਾਕੁਰ ਜੀ ਇਤਨੇ ਊਧੋ ਕੇ ਕਹਣੈ ਸਾਥਿ ਖੁਸੀਹੋਆ।
ਤਬ ਠਾਕੁਰ ਕਹਿਆ...ਕਲਿਜੁਗੁ ਊਧੋ ਕੇਉ ਮਿਲਾ...
ਹਿੰਦਵਾ ਕੇ ਪੰਥ ਏਹੁ ਮਾਰਗ ਦੂਰਿ ਕਰਊਗਾ॥ ਊਧੋ
ਅਬ ਹਉ ਤੁਰਕ ਰੂਪ ਕਰਊਗਾ॥ ਜਹਾ ਆਰਤੀ ਤਹਾ
ਬਾਂਗ ਕਰਉਗਾ॥ ਜਹਾ ਪੀਤੰਬਰ ਤਹਾ ਨੀਲੇ ਬਸਤ੍ਰ
ਪਹਿਰੁਗਾ...ਭਾਖਾ ਅਉਰ ਕਰਉਗਾ॥ ਜਹਾ ਗੜੂਆ ਤਹਾ
ਕੂਜਾ ਕਰਉਗਾ॥ ਜਹਾ ਮਾਲਾ ਤਹਾ ਤਸਬੀ ਕਰਉਗਾ॥
ਜਹਾ [ਿ]ਦਹੁਰਾ ਤਹਾ ਮਸੀਤਿ ਕਰਉਗਾ॥ ਜਹਾ ਬਰਤੁ
ਤਹਾ ਰੋਜੇ ਕਰਉਗਾ॥ ਜਹਾ ਧੋਤੀ ਤਹਾ ਤਹਮਦੁ ਕਰਉਗਾ॥ ਅਮਰ ਤੇਜੁ ਅਪੁਨ[ਾ]
ਤੁਰਕਹੁ ਮਹਿ ਰਾਖਹੁਗਾ॥ ਜਹਾ ਗਾਇਤ੍ਰੀ ਤਹਾ ਕਲਮਾ ਕਰਉਗਾ...ਜਹਾ
ਚਉਥਾ ਤਹਾ ਤ੍ਰੇਈਆ ਕਰਾਵਉਗਾ...ਜਹਾ ਬ੍ਰਹਮਨੁ ਤਹਾ
ਕਾਜੀ ਬੈਠਾਵਉਗਾ॥ ਜਹਾ ਬੇਦ ਤਹਾ ਕਤੇਬ ਕਹਾਵਉਗਾ॥
ਜਹਾ ਹਿੰਦੂ ਤਹਾ ਮੁਸਲਮਾਨ ਕਹਾਵਉਗਾ...ਹਿੰਦੂ ਕਾ
ਲਿਖਿਆ ਦਾਹਨੇ ਮੁਸਲਮਾਨ ਕਾ ਲਿਖਨਾ ਬਾਵੈ ਕਰਉਗਾ...॥[17]

ਇਨ੍ਹਾਂ ਕਥਾਵਾਂ ਨੇ ਜਿਸ ਵਿਆਪਕ ਲੋਕ-ਅਨੁਭਵ ਵਿੱਚੋਂ ਜਨਮ ਲਿਆ, ਉਹ ਇਸਲਾਮ ਤੇ ਹਿੰਦੁਤ੍ਵ ਨੂੰ, ਦੋ ਸਮਾਨੰਤਰ ਜਾਂ ਅਜੋੜ ਸੰਸਕ੍ਰਿਤੀ-ਪ੍ਰਬੰਧਾਂ ਜਾਂ ਕੀਮਤ-ਸਿੱਧਾਂਤਾਂ ਦੇ ਰੂਪ ਵਿਚ ਵੇਖਦਾ ਸੀ। ਖ਼ੁਦ ਗੁਰੂ ਨਾਨਕ ਦੇਵ ਜੀ, ਰਾਗ ਬਸੰਤ ਦੀ ਅੱਠਵੀਂ ਅਸ਼ਟਪਦੀ ਵਿਚ, ਇਸਲਾਮ ਦੇ ਪ੍ਰਵੇਸ਼ ਉਪਰੰਤ, ਦੇਸੀ ਦੀ ਥਾਂ ਬਦੇਸੀ ਸਥਾਪਤੀਆਂ ਦੀ ਸੂਚੀ, ਕੁੱਝ ਇਸੇ ਰੰਗ ਵਿਚ ਪੇਸ਼ ਕਰਦੇ ਹਨ:

---

16. ਤਾਰਾ ਚੰਦ, ਡਾ., *Influence of Islam on Indian Culture*, (1963), ਸਫ਼ੇ 215-16.
17. *ਆਦਿ ਕਥਾ ਮੁਹਮਦ ਕੀ*, ਖਰੜਾ ਨੰਬਰ 359, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਨਕਲ ਭੇਜਣ ਲਈ ਡਾ. ਗੋਬਿੰਦ ਸਿੰਘ ਲਾਂਬਾ ਦਾ ਧੰਨਵਾਦ)।

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥੬॥

(ਬਸੰਤੁ ਹਿੰਡੋਲੁ ਮਹਲਾ ੧, ਪੰਨਾ 1191)

ਰਾਗ ਆਸਾਂ ਦੀ ਵਾਰ ਵਿਚ ਵੀ, ਗੁਰੂ ਸਾਹਿਬ ਹਿੰਦੂਤ੍ਵ ਦੇ ਮੁਕਾਬਲੇ ਵਿਚ, ਹਿੰਦੁਸਤਾਨ ਦੇ 'ਤੁਰਕ-ਪਠਾਣੀ' ਇਸਲਾਮ ਦੇ ਵਿਸ਼ੇਸ਼ ਚਿੰਨ੍ਹਾਂ ਵਜੋਂ, 'ਅਲਹ' ਤੇ 'ਨੀਲ ਬਸਤ੍ਰ' ਨੂੰ ਹੀ ਯਾਦ ਫ਼ੁਰਮਾਉਂਦੇ ਹਨ :

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

(ਵਾਰ ਆਸਾ ਮ: ੧, ਪੰਨਾ 470)

ਪਰ, ਇਸਲਾਮ ਦੇ ਇਸ ਸਪੱਸ਼ਟ ਵੱਖਰੇਪਨ ਦੇ ਬ਼ਾਵਜੂਦ, ਵਿਹਾਰਕ ਪੱਧਰ ਉੱਤੇ, ਦੁਹਾਂ ਵਿਰੋਧੀ ਵਿਚਾਰ-ਧਾਰਾਵਾਂ ਦਾ ਸਮਨਵੈ ਆਰੰਭ ਹੋ ਗਿਆ ਸੀ। ਏਥੋਂ ਤਕ ਕਿ "ਸ਼ਾਹਜਹਾਂ ਦੇ ਸਮੇਂ ਵਿਚ, ਕਈ ਥਾਂ, ਹਿੰਦੂਆਂ ਤੇ ਮੁਸਲਮਾਨਾਂ ਵਿਚ ਸ਼ਾਦੀ ਵਿਆਹ ਦਾ ਰਿਵਾਜ ਹੋ ਗਿਆ ਸੀ ਤੇ ਮੁਸਲਮਾਨ, ਨਿਰ-ਸੰਕੋਚ ਆਪਣੀਆਂ ਕੁੜੀਆਂ ਹਿੰਦੂਆਂ ਨੂੰ ਦੇਂਦੇ ਤੇ ਉਨ੍ਹਾਂ ਦੀਆਂ ਆਪ ਲੈਂਦੇ ਸਨ।"[18] ਦਾਰਾ ਸ਼ਿਕੋਹ ਨੇ ਆਪਣੀ ਕਿਤਾਬ *ਮਜਮਅ-ਉਲ-ਬਹਰੈਨ* (ਦੋ ਸਾਗਰਾਂ ਦਾ ਸੰਗਮ) ਵਿਚ ਤਸੱਵੁਫ਼ ਤੇ ਵੇਦਾਂਤ, ਜਾਂ ਇਸਲਾਮ ਤੇ ਹਿੰਦੂਤ੍ਵ, ਸਤਿ ਦੀ ਪ੍ਰਾਪਤੀ ਦੇ ਦੋ ਸਮਾਨ ਗਾਡੀ-ਰਾਹ ਮੰਨੇ ਹਨ। ਸੱਯਦ ਸਬਾਹੁਦ੍-ਦੀਨ ਨੂੰ ਅਫ਼ਸੋਸ ਹੈ ਕਿ ਨਵੇਂ ਮੁਸਲਮਾਨ ਆਪਣੇ ਪਿੱਤਰੀ ਰਸਮ-ਰਿਵਾਜ ਨਾ ਛੱਡ ਸਕੇ, ਜਿਸ ਕਰਕੇ "ਪੰਜਾਬ ਦੇ ਬਹੁਤ ਮੁਸਲਮਾਨ...ਦੇਵਤਿਆਂ ਦੀ ਪੂਜਾ ਕਰਦੇ ਹਨ; ਅੰਮ੍ਰਿਤਸਰ ਦੇ ਮਿਰਾਸੀ ਦੁਰਗਾ ਭਵਾਨੀ ਨੂੰ ਚੜ੍ਹਾਵੇ ਚੜ੍ਹਾਉਂਦੇ ਹਨ, ਪਿੰਡੀ ਦੇ ਮੁਸਲਮਾਨ ਮਾਤਾ ਰਾਣੀ ਦੀ ਪੂਜਾ ਕਰਦੇ ਹਨ...ਪੰਜਾਬ ਦੇ ਕਈ ਮੁਸਲਮਾਨ ਫ਼ਕੀਰ ਧੂਣੀ ਰਮਾਉਂਦੇ ਹਨ...ਮੁਸਲਮਾਨ ਮਾਤਾ ਰਾਣੀ ਦੀ ਪੂਜਾ ਕਰਦੇ ਹਨ...।"[19] ਝੰਗ-ਮੁਘਿਆਣੇ ਦੇ ਪੇਂਡੂ ਮੁਸਲਮਾਨ ਸਮਾਜ ਦੀ ਜੋ ਤਸਵੀਰ ਦਮੋਦਰ ਦੇ ਕਿੱਸੇ ਜਾਂ ਹਰਜੀਤ ਸਿੰਘ ਦੇ ਸੰਗ੍ਰਹਿ *ਨੈਂ ਝਨਾਂ* ਵਿੱਚੋਂ ਉੱਘੜਦੀ ਹੈ, ਉਸ ਵਿਚ ਸਮਨਵੈ, ਜੀਵਨ ਦੀ ਸੁਹਜ-ਸ਼ੈਲੀ ਬਣਿਆ ਦਿੱਸਦਾ ਹੈ। ਉਪਰੋਕਤ ਪਿਛੋਕੜ ਵਿਚ ਪੰਜਾਬ ਦੇ ਅਨੇਕ ਪੱਖਾਂ ਉੱਤੇ ਇਸਲਾਮੀ-ਅਰਬੀ-ਫ਼ਾਰਸੀ ਪ੍ਰਭਾਵ ਦੇ ਵਿਸਤਾਰ ਨੂੰ ਸਮਝਣਾ ਔਖਾ ਨਹੀਂ, ਫਿਰ ਵੀ ਕੁੱਝ ਪ੍ਰਭਾਵਾਂ ਵੱਲ ਨਿਸਚਿਤ ਧਿਆਨ ਦਿਵਾਉਣਾ ਅਸੰਗਤ ਨਹੀਂ। ਇਸ ਸੰਬੰਧ ਵਿਚ ਸਭ ਤੋਂ ਪਹਿਲੀ ਚੀਜ਼ ਹੈ

18. *ਹਿੰਦੋਸਤਾਨ ਕੇ ਮੁਸਲਮਾਨ ਹੁਕਮਰਾਨੋਂ ਕੇ ਅਹਿਦ ਕੇ ਤਮੱਦੁਨੀ ਕਾਰਨਾਮੇ*, (1963), ਸਫ਼ਾ 202 ਵਿਚ ਮੌਲਾਨਾ ਅਬਦੁੱਸ-ਸਲਾਮ ਨਦਵੀ ਦਾ ਲੇਖ "ਤਅਲੀਮ ਕੀ ਤਰੱਕੀ"।

19. *ਹਿੰਦੋਸਤਾਨ ਕੇ ਸਲਾਤੀਨ ਉਲਮਾ ਔਰ ਮਸ਼ਾਇਖ਼ ਕੇ ਤਅੱਲੁਕਾਤ ਪਰ ਏਕ ਨਜ਼ਰ*, ਦਾਰੁਲ-ਮੁਸੱਨਿਫ਼ੀਨ, ਆਜ਼ਮਗੜ੍ਹ, ਦੂਜੀ ਵਾਰ, 1970, ਸਫ਼ਾ 331.

ਭਾਸ਼ਾ।[20] ਰਾਜ-ਪ੍ਰਬੰਧ, ਸੈਨਾ, ਨਿਆਂ, ਸਿਹਤ, ਵਣਜ-ਵਪਾਰ, ਧਰਮ, ਫ਼ਲਸਫ਼ੇ, ਸਿੱਖਿਆ, ਸਾਹਿੱਤ, ਸੰਗੀਤ, ਖਾਣ-ਪਕਾਣ-ਪਹਿਨਣ, ਖੇਤੀ-ਬਾੜੀ, ਬਾਗ਼ਬਾਨੀ ਤੇ ਰਾਜਗੀਰੀ, ਆਦਿਕ ਵਿਸ਼ਿਆਂ ਵਿੱਚੋਂ ਜਿਨ੍ਹਾਂ ਵਸਤਾਂ ਜਾਂ ਸੰਕਲਪਾਂ ਲਈ ਸਾਡੇ ਆਪਣੇ ਕਲਚਰ ਵਿਚ ਕੋਈ ਸ਼ਬਦ ਨਹੀਂ ਸਨ, ਉਨ੍ਹਾਂ ਲਈ ਅਰਬੀ-ਫ਼ਾਰਸੀ ਸ਼ਬਦ ਅਪਣਾ ਲਏ ਗਏ। ਕਈ ਵਾਰੀ ਦੇਸੀ ਸ਼ਬਦ ਮੌਜੂਦ ਹੁੰਦੇ ਸਨ, ਪਰ ਉਨ੍ਹਾਂ ਦੇ ਨਾਲੋ-ਨਾਲ ਹੀ, ਅਰਬੀ-ਫ਼ਾਰਸੀ ਸ਼ਬਦ ਵੀ ਲੋਕਾਂ ਵਿਚ ਚੱਲ ਪਏ ਤੇ ਕਿਤੇ ਕਿਤੇ ਦੇਸੀ ਸ਼ਬਦਾਂ ਨੂੰ ਪਛਾੜ ਕੇ ਆਪ ਪ੍ਰਧਾਨ ਬਣ ਬੈਠੇ। ਦੇਸੀ ਲੋਕਾਂ ਵਿੱਚੋਂ ਜਿਨ੍ਹਾਂ ਲੋਕਾਂ ਨੇ ਇਸਲਾਮ ਧਰਮ ਧਾਰਨ ਕਰ ਲਿਆ, ਉਨ੍ਹਾਂ ਨੇ ਹੀ ਨਹੀਂ, ਗ਼ੈਰ-ਮੁਸਲਮਾਨਾਂ ਨੇ ਵੀ ਅਰਬੀ-ਫ਼ਾਰਸੀ ਸ਼ਬਦਾਵਲੀ ਐਸੀ ਖੁੱਲ੍ਹ-ਦਿਲੀ ਨਾਲ ਵਰਤੀ, ਜਿਵੇਂ ਕਿਤੇ ਅਰਬੀ ਤੇ ਫ਼ਾਰਸੀ ਵੀ, ਸੰਸਕ੍ਰਿਤ-ਪ੍ਰਾਕ੍ਰਿਤ ਵਾਂਗ, ਪੰਜਾਬੀ ਦੇ ਮੁੱਢਲੇ ਰੂੜੀ-ਸਰੋਤ ਹੋਣ। ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਹਾਸ਼ਮ, ਅਹਿਮਦ ਯਾਰ, ਫ਼ਜ਼ਲ ਸ਼ਾਹ, ਗ਼ੁਲਾਮ ਰਸੂਲ ਜਾਂ ਮੁਹੱਮਦ ਬਖ਼ਸ਼ ਦੀ ਵਰਤੀ ਠੇਠ ਇਸਲਾਮੀ ਜਾਂ ਕੁੱਝ ਗੂੜ੍ਹ ਅਰਬੀ-ਫ਼ਾਰਸੀ ਸ਼ਬਦਾਵਲੀ ਨੂੰ ਛੱਡ ਕੇ ਵੀ, ਸਾਹਿੱਤ ਤੇ ਸਾਧਾਰਣ ਬੋਲ-ਚਾਲ ਵਿਚ, ਅਰਬੀ-ਫ਼ਾਰਸੀ ਦੇ ਤਦਭਵ ਤੇ ਤਤਸਮ ਰੂਪ ਵਿਚ ਵਰਤੀਂਦੇ ਸ਼ਬਦਾਂ ਦੀ ਗਿਣਤੀ, ਹਜ਼ਾਰਾਂ ਤਕ ਪਹੁੰਚਦੀ ਹੈ ਤੇ ਇਨ੍ਹਾਂ ਵਿਚ ਵਿਆਕਰਣ ਦੇ ਤਕਰੀਬਨ ਹਰ ਖੇਤਰ ਦੇ ਸ਼ਬਦ, ਜਿਵੇਂ

---

20. ਉੱਤਰੀ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਸਿਖਾਉਣ ਲਈ ਕਵੀ-ਵਿਦਵਾਨਾਂ ਨੇ ਸਮੇਂ ਸਮੇਂ, ਜੋ ਦੋ-ਭਾਸ਼ੀ ਸਮਾਨਾਰਥਾਂ ਦੀਆਂ ਛੰਦ-ਬੰਧ ਸੂਚੀਆਂ 'ਬਾਰੀ' ਨਾਮ ਹੇਠ ਤਿਆਰ ਕੀਤੀਆਂ (*ਖ਼ਾਲਿਕ ਬਾਰੀ*, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਰਹੀ ਹੈ, ਕਿਉਂਕਿ ਉਸ ਨਾਲ ਅਮੀਰ ਖ਼ੁਸਰੋ ਦਾ ਨਾਂ ਜੁੜ ਗਿਆ ਸੀ), ਉਨ੍ਹਾਂ ਵਿਚ ਫ਼ਾਰਸੀਦਾਨਾਂ ਨੂੰ ਪੰਜਾਬੀ ਸਿਖਾਉਣ ਵਾਲੀ 'ਵਾਹਿਦ ਬਾਰੀ' ਵੀ ਸ਼ਾਮਿਲ ਸੀ। ਸੰਮਤ 1679 ਬਿ. (1622 ਈ.) ਵਿਚ ਰਚੀ ਇਸ ਕਿਤਾਬੜੀ ਵਿਚ, ਜਿਸ ਦਾ ਇਕ ਖਰੜਾ ਪ੍ਰੋ. ਪੀ.ਐਨ. ਪੁਸ਼ਪ, 33, ਗੋਗਜੀ ਬਾਗ਼, ਸ੍ਰੀਨਗਰ (ਕਸ਼ਮੀਰ) ਪਾਸ ਪਿਆ ਹੈ, ਪੰਜਾਬ ਦੀ ਸਿਖਲਾਈ ਇਸ ਤਰ੍ਹਾਂ ਕੀਤੀ ਗਈ ਹੈ:

ਵਾਹਿਦ ਬਾਰੀ, 'ਏਕੋ ਸਾਈਂ'
ਏਕੋ ਨਾਮ, ਸਹੰਸਰ ਨਾਈਂ
ਮਾਦਰ 'ਮਾਂ', ਬਰਾਦਰ ਬਾਈ
ਪਿਦਰ 'ਬਾਪ', ਯੰਗਾ 'ਭਰਜਾਈ'

... ...

ਨਮਕ 'ਲੂਣ', ਆਰਦ ਹੈ 'ਆਟਾ'
ਸੀਉਣ 'ਦੋਜ਼', ਦਰੀਦਾ 'ਪਾਟਾ'
ਛਾਣਨੀ 'ਗ਼ਰਬਾਲ', ਚੱਕੀ 'ਆਸੀਆ'
ਚੱਪਣੀ 'ਸਰਪੋਸ਼', ਚੁੱਲ੍ਹਾ 'ਦੇਗਦਾਂ'

... ...

'ਵਾਹਿਦ ਬਾਰੀ' ਜੁਗ ਜੁਗ ਰਹੇ
ਜੋ ਕੋਈ ਪੜ੍ਹੇ ਸੋ ਫ਼ਾਤਿਹਾ ਕਹੇ
ਸੋਲਾਂ ਸੈ ਉਨਾਸੀ ਸੱਮਤ
ਵਾਹਿਦ ਬਾਰੀ ਕਰਦਮ ਤੱਮਤ
ਕਿਸ ਕੋ ਹੋਵੇ ਬੀਚ ਇਸ ਸੱਮਤ
ਐਸੋ ਕਹਿਨਾ, ਐਸੀ ਹਿੰਮਤ ?

ਸੰਗਿਆ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ, ਵਿਸਮਿਅਕ, ਯੋਜਕ, ਸੰਬੰਧਕ, ਆਦਿ ਮਿਲ ਜਾਂਦੇ ਹਨ। ਇਹੀ ਨਹੀਂ, ਅਰਬੀ-ਫ਼ਾਰਸੀ ਸ਼ਬਦਾਂ ਨੂੰ ਆਧਾਰ ਬਣਾ ਕੇ ਅੱਗੋਂ ਉਨ੍ਹਾਂ ਦੇ ਪੰਜਾਬੀ ਵਿਆਕਰਣ ਅਨੁਸਾਰ ਬੇਅੰਤ ਨਵੇਂ ਸ਼ਬਦ ਵੀ ਸਿਰਜੇ ਜਾਂਦੇ ਹਨ, ਜਿਵੇਂ 'ਕਿਤਾਬ' ਤੋਂ 'ਕਿਤਾਬਾਂ', 'ਕਿਤਾਬੋਂ' ਆਦਿ। ਫ਼ਾਰਸੀ ਵਿਚ 'ਨਵਾਖ਼ਤਨ' ਮਸਦਰ ਤੋਂ ਮੁਜ਼ਾਰਿਅ 'ਨਵਾਜ਼' ਬਣਦਾ ਹੈ; ਇਸ 'ਨਵਾਜ਼' ਤੋਂ ਹੀ 'ਨਿਵਾਜਣਾ' ਕ੍ਰਿਆ ਬਣਾ ਲਈ ਗਈ ਹੈ, ਜਿਸ ਦੇ ਅੱਗੋਂ ਅਨੇਕ ਰੂਪ ਬਣ ਜਾਂਦੇ ਹਨ। ਇਸ ਤੋਂ ਪਹਿਲਾਂ ਕਿ ਅਸੀਂ ਅੱਗੇ ਚੱਲੀਏ, ਵੰਨਗੀ ਮਾਤਰ, ਕੁੱਝ ਚਾਲੂ ਅਰਬੀ-ਫ਼ਾਰਸੀ (ਅਤੇ ਕੁੱਝ ਤੁਰਕੀ ਸ਼ਬਦ), ਦ੍ਰਿਸ਼ਟੀ-ਗੋਚਰ ਕਰ ਲੈਣੇ ਯੋਗ ਹੋਣਗੇ :

ਰੱਬ, ਸ਼ਤਾਨ (ਸ਼ੈਤਾਨ), ਮਸੀਤ ਜਾਂ ਮਹਿਜਤ (ਮਸਜਿਦ), ਦੁਆ, ਸੂਫ਼ੀ, ਕਰਾਮਾਤ, ਜਾਦੂ, ਜਾਦੂਗਰ, ਅਰਦਾਸ (ਅਰਜ਼ਦਾਸ਼ਤ); ਖਸਮ (ਖ਼ਸਮ), ਬੀਬੀ, ਬਾਬਾ; ਬਾਦਸ਼ਾਹ, ਵਜ਼ੀਰ, ਸਰਦਾਰ, ਤਖ਼ਤ, ਦਰਬਾਰ, ਸਰਕਾਰ, ਸਜ਼ਾ, ਕੈਦ, ਤਸੀਲ (ਤਹਸੀਲ), ਤਸੀਲਦਾਰ (ਤਹਸੀਲਦਾਰ), ਜ਼ੈਲ, ਜ਼ੈਲਦਾਰ, ਜਿਲਦ, ਜ਼ਿਲਦਾਰ, ਹੁਕਮ, ਖ਼ਜ਼ਾਨਾ, ਖ਼ਜ਼ਾਨਚੀ, ਸਿੱਕਾ, ਨਕਦੀ; ਜਿਲ੍ਹਾ, ਫ਼ੌਜ, ਦਸਤਾ, ਸਵਾਰ; ਪਿਆਦਾ, ਜਹਾਜ਼, ਤੋਪ, ਤੀਰ-ਕਮਾਨ, ਬਰੂਦ (ਬਾਰੂਦ); ਹਮਲਾ, ਅਦਾਲਤ, ਦਾਅਵਾ, ਜਿਰਹ, ਅਰਜ਼ੀ, ਇਨਸਾਫ਼, ਫ਼ਤਵਾ, ਹੱਕ-ਸ਼ੁਫ਼ਾ, ਤਲਾਕ; ਫ਼ਾਰਖ਼ਤੀ (ਫ਼ਾਰਿਗ-ਖ਼ਤੀ), ਕਰਜ਼ਾ, ਰਸੀਦ, ਮੁਹਰ; ਵਲੈਤ (ਵਿਲਾਯਤ) ਮੁਲਕ, ਸ਼ਹਿਰ, ਬਜ਼ਾਰ (ਬਾਜ਼ਾਰ), ਮਹੱਲਾ, ਅਬਾਦੀ (ਆਬਾਦੀ); ਪਹਿਲਵਾਨ, ਕੁਸ਼ਤੀ; ਤੰਦਰੁਸਤੀ, ਜਖਮ (ਜ਼ਖ਼ਮ), ਦਵਾ, ਅਰਕ, ਦੁਸ਼ਾਂਦਾ (ਜੋਸ਼ਾਂਦਾ), ਕੁਸ਼ਤਾ, ਜੁਲਾਬ; ਦਿਮਾਗ਼, ਗੁਰਦਾ, ਰਗ; ਐਨਕ, ਦਵਾਤ, ਸ਼ਾਹੀ, ਕਾਗਤ (ਕਾਗ਼ਜ਼), ਸਫ਼ਾ, ਵਰਕਾ, ਕਿਤਾਬ, ਜਿਲਦ, ਕਾਤਬ (ਕਾਤਿਬ), ਤਰਜਮਾ, ਬਸਤਾ, ਲਫ਼ਜ਼, ਹਰਫ਼, ਸਤਰ, ਨਜ਼ਮ, ਨਸਰ, ਸੀਹਰਫ਼ੀ, ਰੁਬਾਈ, ਕਿੱਸਾ, ਬੈਂਤ (ਬੈਤ), ਸ਼ਿਅਰ, ਮਿਸਰਾ, ਸ਼ਾਇਰ, ਮੁਸ਼ਾਇਰਾ, ਮਜ਼ਮੂਨ, ਖ਼ਿਆਲ; ਇਮਾਰਤ, ਗੁੰਬਦ, ਮਹਿਰਾਬ (ਮਿਹਰਾਬ), ਦਰਵਾਜ਼ਾ, ਵਰਾਂਡਾ (ਬਰਾਮਦਾ), ਸੰਗ (ਸੰਗਿ-ਮਰਮਰ), ਕਬਰ, ਮਕਬਰਾ; ਨਾਨ, ਸਬਜ਼ੀ, ਤਰਕਾਰੀ, ਕੋਫ਼ਤੇ, ਰੋਗ਼ਨ (ਰੌਗ਼ਨ) ਜੋਸ਼, ਕੀਮਾ, ਕਬਾਬ, ਹਲਵਾ, ਮਸਾਲਾ, ਸ਼ਰਬਤ, ਸ਼ਰਾਬ; ਅਤਲਸ, ਕੀਮਖ਼ਾਬ (ਕਿਮਖ਼ਾਬ), ਮਖਮਲ (ਮਖ਼ਮਲ), ਰੁਮਾਲ, ਪਜਾਮਾ (ਪਾਜਾਮਾ), ਕੁੜਤਾ (ਕੁਰਤਾ), ਚਾਦਰ, ਬੁਰਕਾ, ਪੜਦਾ (ਪਰਦਾ); ਤਹਿਮਤ ਜਾਂ ਤਹਿਮਦ (ਤਹਿਬੰਦ), ਦਸਤਾਰ, ਜਰਾਬ, ਰਜਾਈ (ਰਜ਼ਾਈ), ਤੁਲਾਈ, ਲੇਫ਼ (ਲਿਹਾਫ਼), ਕਲੀਨ (ਕਾਲੀਨ); ਮੌਸਮ, ਸਰਦੀ, ਗਰਮੀ, ਫਸਲ (ਫ਼ਸਲ), ਰਬੀ (ਰਬੀਅ), ਤਕਾਵੀ, ਮਾਲੀਆ, ਬੇਗਮੀ, ਬਾਗ (ਬਾਗ਼), ਬਗੀਚਾ (ਬਾਗ਼ੀਚਹ), ਖਰਬੂਜ਼ਾ (ਖ਼ਰਬੂਜ਼ਹ), ਨਰਗਸ, ਗੁਲਾਬ, ਗੁਲ-ਦਾਊਦੀ, ਚਨਾਰ, ਸਰੂ (ਸਰਵ), ਸਨੋਬਰ (ਸਨੌਬਰ), ਸ਼ਤੂਤ (ਸ਼ਹਤੂਤ), ਸ਼ਾਲਾ (ਇਨਸ਼ਾ-ਅੱਲਾਹ),

ਅਗਰ, ਮਗਰ, ਹਾਲਾਂਕਿ; ਜਨਾਬ, ਹਜ਼ੂਰ, ਖ਼ੂਬ, ਅੱਲਾ-(ਬੋਲੀ), ਅੱਲਾ-(ਲੇਖੇ), ਸ਼ਾਬਾਸ਼; ਲੌਖਾਮਾ (ਲੌਹ = ਤਖ਼ਤੀ + ਖ਼ਾਮਹ = ਕਲਮ) ਆਦਿ।

ਇਸ ਤਰ੍ਹਾਂ ਦੇ ਨਿਤ-ਵਰਤੋਂ ਵਿਚ ਆਉਣ ਵਾਲੇ ਸ਼ਬਦ ਹਜ਼ਾਰਾਂ ਹਨ— ਮੁਸਲਮਾਨਾਂ ਵਿਚ ਕੁੱਝ ਵੱਧ, ਗ਼ੈਰ-ਮੁਸਲਮਾਨਾਂ ਵਿਚ ਕੁੱਝ ਘੱਟ, ਪਰ ਜਿਸ ਸੂਬੇ (ਪੰਜਾਬ) ਤੇ ਉਸ ਦੀ ਬੋਲੀ ਦੇ ਨਾਂ (ਪੰਜਾਬੀ) ਹੀ ਫ਼ਾਰਸੀ ਵਿੱਚੋਂ ਆਏ ਹੋਣ, ਉਸ ਵਿਚ ਈਰਾਨ ਦੇ ਰਸਤੇ ਆਉਣ ਵਾਲੇ ਇਸਲਾਮੀ-ਅਰਬੀ-ਫ਼ਾਰਸੀ-ਤੁਰਕੀ ਸ਼ਬਦ ਹਜ਼ਾਰਾਂ ਦੀ ਗਿਣਤੀ ਵਿਚ ਮਿਲਣ ਤਾਂ ਇਸ ਵਿਚ ਹੈਰਾਨੀ ਵਾਲੀ ਕਿਹੜੀ ਗੱਲ ਹੈ ? ਮੁਸਲਮਾਨਾਂ ਦੇ ਨਾਂ ਤਾਂ ਕਰੀਬ ਕਰੀਬ ਸਾਰੇ ਅਰਬੀ-ਫ਼ਾਰਸੀ ਮੂਲ ਦੇ ਹੁੰਦੇ ਹੀ ਹਨ, ਇਥੋਂ ਦੇ ਗ਼ੈਰ-ਮੁਸਲਮਾਨ ਵਸਨੀਕਾਂ ਦੇ ਨਾਂ ਵੀ ਇਸ ਪ੍ਰਭਾਵ ਦੀ ਚੁਗ਼ਲੀ ਖਾਂਦੇ ਹਨ। ਕੇਵਲ ਸਿੱਖ ਭਾਈਚਾਰੇ ਦੇ ਕੁੱਝ ਨਾਂ ਲਵੋ :

(ਗੁਰੂ) ਤੇਗ਼ ਬਹਾਦਰ, (ਮਾਤਾ) ਸਾਹਿਬ (ਕੌਰ), ਸਾਹਿਬਜ਼ਾਦਾ ਫ਼ਤਹ (ਸਿੰਘ), ਸਾਹਿਬਜ਼ਾਦਾ ਜ਼ੋਰਾਵਰ (ਸਿੰਘ), ਸਬਾਜ (ਸ਼ਾਹਬਾਜ਼) ਸਿੰਘ, ਉਮਰਾਉ (ਸਿੰਘ), ਸਾਹਿਬ (ਸਿੰਘ), ਮਹਿਤਾਬ (ਸਿੰਘ), ਸ਼ੇਰ (ਸਿੰਘ), ਅਤਰ (ਸਿੰਘ), ਗੁਲਜ਼ਾਰ (ਸਿੰਘ), ਅਜਾਇਬ (ਸਿੰਘ), ਸ਼ਮਸ਼ੇਰ (ਸਿੰਘ), ਖੁਸ਼ਵੰਤ (ਸਿੰਘ) ਤੇ ਇਕਬਾਲ (ਸਿੰਘ), ਆਦਿ।

ਸ਼ਾਇਰਾਂ ਦੇ ਤਖ਼ੱਲੁਸ (ਜਿਨ੍ਹਾਂ ਦਾ ਰਿਵਾਜ ਹੀ ਫ਼ਾਰਸੀ ਸਾਹਿੱਤ ਰਾਹੀਂ ਆਇਆ ਹੈ), ਬਹੁਤੀ ਵਾਰੀ, ਅਰਬੀ-ਫ਼ਾਰਸੀ ਸੋਮੇ ਤੋਂ ਹੀ ਲਏ ਜਾਂਦੇ ਰਹੇ ਹਨ, ਜਿਵੇਂ :

ਆਰਿਫ਼, ਕੁਸ਼ਤਾ, ਦਰਦ, ਦਰਦੀ, ਹਮਦਰਦ, ਮਾਹਰ, ਜ਼ਖ਼ਮੀ, ਇਸ਼ਕ-ਲਹਿਰ, ਸ਼ੌਕ, ਬੇਦਾਰ, ਆਦਿ।

ਕਿਤਾਬਾਂ ਦੇ ਨਾਵਾਂ ਵਿਚ ਵੀ ਇਹ ਪ੍ਰਭਾਵ ਮੌਜੂਦ ਹੈ, ਜਿਵੇਂ :

'ਅਲਵਿਦਾ', 'ਪਰਵਾਨੇ', 'ਵਤਨ ਦੇ ਸ਼ਹੀਦ', 'ਲਤੀਫ਼ੇ', 'ਰਿਸ਼ਤੇ', 'ਪਰਵਾਜ਼', 'ਆਜ਼ਾਦ ਹਿੰਦ ਫ਼ੌਜ' ਦੀ ਵਾਰਤਾ, 'ਪਰਦੇ', 'ਰਸੀਦੀ' ਟਿਕਟ, ਇਕ 'ਇਨਕਲਾਬੀ' ਯੋਧਾ, 'ਕਲਮ' ਦਾ ਭੇਤ, 'ਇੱਜ਼ਤਾਂ' ਵਾਲੇ, ਗ਼ਜ਼ਲ ਗ਼ੁਲਜ਼ਾਰ, ਅਮਨ ਦਾ ਪੁਜਾਰੀ, ਆਦਿ।

ਅਨੇਕ ਗਲੀਆਂ-ਮਹੱਲਿਆਂ, ਪਿੰਡਾਂ ਤੇ ਸ਼ਹਿਰਾਂ ਦੇ ਨਾਂ, ਜਿਵੇਂ :

ਸ਼ਾਹ (ਪੁਰ), ਰਸੂਲ (ਪੁਰ), ਮੁਬਾਰਕ (ਪੁਰ), ਆਲਮਗੀਰ, ਪਾਕ (ਪਟਨ), ਹਾਜੀ (ਚਾਂਦ), ਹੁਜਰਾ, ਮੁਰੀਦ (ਕੇ), ਦਾਇਮ ਗੰਜ (ਚੌਕ), ਫ਼ਰੀਦ (ਕੋਟ) (ਰਾਘੋ) ਮਾਜਰਾ (ਮਜ਼ਰਅ), ਆਦਿ।

ਫ਼ਾਰਸੀ-ਅਰਬੀ ਦੇ ਆਧਾਰ ਉੱਤੇ ਉੱਸਰੇ ਹਨ।

ਗੋਤਾਂ-ਜਾਤਾਂ ਤੇ ਕਿੱਤਿਆਂ ਵਿੱਚੋਂ ਸੱਯਦ, ਮਿਰਾਸੀ, ਸਿਕਲੀਗਰ, ਕਾਰੀਗਰ, ਬਾਜੀਗਰ ਆਦਿ ਨਾਂ ਫ਼ਾਰਸੀ-ਅਰਬੀ ਮੂਲ ਦੇ ਹਨ।

ਇਹ ਫ਼ਾਰਸੀ-ਅਰਬੀ ਸ਼ਬਦਾਵਲੀ ਅਸੀਂ ਮੂਲ ਅਰਥਾਂ ਸਮੇਤ ਵੀ ਲਈ ਹੈ ਤੇ ਅਰਥ-ਵਿਕਾਰ ਜਾਂ ਅਰਥ-ਵਿਕਾਸ ਨਾਲ ਵੀ। 'ਉਸਤਾਦ' ਦੇ ਅਧਿਆਪਕ ਵਾਲੇ ਅਰਥ ਹੀ ਹਨ, ਮਾਹਿਰ ਕਾਰੀਗਰ ਵਾਲੇ ਵੀ ਤੇ ਹੇਰਾ-ਫੇਰੀ ਕਰਨ ਵਾਲੇ ਚਤਰ ਬੰਦੇ ਦੇ ਵੀ। ਅਰਬੀ ਸ਼ਬਦ 'ਸਾਹਿਬ' ਦਾ ਅਰਥ ਹੈ 'ਸੁਆਮੀ', ਪਰ ਅਸੀਂ ਆਦਰ ਵਜੋਂ ਕਹਿੰਦੇ ਹਾਂ ਗੁਰੂ ਗ੍ਰੰਥ 'ਸਾਹਿਬ', ਗੁਰਦੁਆਰਾ ਸੰਨ੍ਹ 'ਸਾਹਿਬ'—ਹੋਰ ਤਾਂ ਹੋਰ, 'ਮੇਮ' ਨੂੰ ਵੀ 'ਮੇਮ ਸਾਹਿਬ' ਹੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਅਰਬੀ ਸ਼ਬਦ 'ਵਿਲਾਯਤ' ਦਾ ਇਕ ਅਰਥ ਹੈ 'ਦੇਸ'। ਕਿਸੇ ਸਮੇਂ ਅਫ਼ਗ਼ਾਨਿਸਤਾਨ ਤੇ ਈਰਾਨ ਨੂੰ 'ਵਿਲਾਯਤ' ਕਿਹਾ ਜਾਂਦਾ ਸੀ ਤੇ ਕਾਬਲੀਆਂ ਜਾਂ ਈਰਾਨੀਆਂ ਨੂੰ 'ਵਿਲਾਯਤੀ', ਪਰ ਗੋਰਿਆਂ ਦੇ ਆਉਣ ਉੱਤੇ ਪੰਜਾਬੀਆਂ ਨੇ ਇੰਗਲੈਂਡ ਜਾਂ ਯੂਰਪ ਨੂੰ 'ਵਲੈਤ' ਤੇ ਗੋਰਿਆਂ ਨੂੰ 'ਵਲੈਤੀ' ਕਹਿਣਾ ਸ਼ੁਰੂ ਕਰ ਦਿੱਤਾ। ਕਈ ਵਾਰੀ ਜਿਥੇ ਚੰਗਾ-ਭਲਾ ਦੇਸੀ ਸ਼ਬਦ ਵਰਤਿਆ ਹੁੰਦਾ ਹੈ, ਓਥੇ ਕੇਵਲ ਬਲ ਪੈਦਾ ਕਰਨ ਲਈ ਵੀ ਅਰਬੀ-ਫ਼ਾਰਸੀ ਸ਼ਬਦ ਦੀ ਵਰਤੋਂ ਹੁੰਦੀ ਹੈ, ਜਿਵੇਂ ਲਾਲ-ਸੁਰਖ਼, ਪੀਲਾ-ਜ਼ਰਦ, ਕਾਲਾ-ਸ਼ਾਹ (ਸਿਆਹ)। 'ਲਾਲ' ਅਤੇ 'ਸੁਰਖ਼' ਜਾਂ 'ਪੀਲਾ' ਤੇ 'ਜ਼ਰਦ' ਦੇ ਅਰਥ ਇੱਕੋ ਹਨ, ਪਰ ਰੰਗ ਦਾ ਗੂੜ੍ਹਾਪਨ ਦਰਸਾਉਣ ਲਈ ਦੇਸੀ-ਬਦੇਸੀ ਦੀ ਪਿਉਂਦ ਕਰ ਲਈਦੀ ਹੈ। ਪੰਜਾਬੀ ਦੇ ਅਖਾਣਾਂ ਤੇ ਮੁਹਾਵਰਿਆਂ ਵਿਚ ਵੀ ਅਰਬੀ-ਫ਼ਾਰਸੀ ਪ੍ਰਭਾਵ ਲੱਭ ਪੈਂਦਾ ਹੈ, ਜਿਵੇਂ 'ਦਾਈਆ ਦੂ ਦੇ ਨੱਠੇ ਹਲ ਵਾਂਹਦੇ ਡਿੱਠੇ' (ਇਸ਼ਾਰਾ ਅਰਬੀ ਵਿਆਕਰਣ ਦੀ ਔਖਿਆਈ ਵੱਲ ਹੈ); ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ; ਮਾਰਿਆ ਮੂਜ਼ੀ ਰੜੇ ਮਦਾਨ; ਦੇਸੀ ਟੱਟੂ ਤੇ ਖ਼ੁਰਾਸਾਨੀ ਦੁਲੱਤੇ, ਜੱਟ ਯਮਲਾ ਖ਼ੁਦਾ ਨੂੰ ਲੈ ਗਏ ਚੋਰ, ਆਦਿ। ਇਕ ਲੋਕੋਕਤੀ ਸੀ: "ਪੜੀ ਪਾਰਸੀ ਬੇਚੇ ਤੇਲ, ਯਿਹ ਦੇਖੋ ਕੁਦਰਤ ਕੇ ਖੇਲ", ਅਰਥਾਤ ਪਾਰਸ ਦੀ ਪੱਥਰੀ ਕੋਲ ਪਈ ਹੈ ਤੇ ਆਪਣੀ ਕਿਸਮਤ ਸਵਾਰਨ ਦੀ ਥਾਂ ਬੇਸਮਝੀ ਕਾਰਨ, ਤੇਲ ਵੇਚਣ ਲਈ ਮਾਮੂਲੀ ਵੱਟੇ ਵਜੋਂ ਵਰਤੀ ਜਾ ਰਹੀ ਹੈ। ਫ਼ਾਰਸੀ ਦੇ ਰਾਜ-ਤੇਜ ਕਾਰਨ ਲੋਕਾਂ ਵਿਚ ਇਸ ਦਾ ਜਿਹੜਾ ਰੂਪ ਹੌਲੀ ਹੌਲੀ ਪ੍ਰਚਲਿਤ ਹੋ ਗਿਆ, ਉਹ ਹੈ: "ਪੜ੍ਹੀ ਫ਼ਾਰਸੀ ਬੇਚੇ ਤੇਲ, ਯਿਹ ਦੇਖੋ ਕੁਦਰਤ ਕੇ ਖੇਲ", ਅਰਥਾਤ, ਫ਼ਾਰਸੀ ਪੜ੍ਹੀ ਹੋਣ ਦੇ ਬਾਵਜੂਦ, ਭਾਗਾਂ ਦੀ ਖੇਡ ਵੇਖੋ ਕਿ ਸਰਕਾਰੇ-ਦਰਬਾਰੇ ਆਦਰ ਵਾਲਾ ਕੰਮ ਨਹੀਂ ਲੈ ਸਕਿਆ। ਅਸੀਂ 'ਸ਼ਟੱਲੀਆਂ-ਛੱਡਣੀਆਂ' ਮੁਹਾਵਰਾ 'ਬੇਸਿਰ ਪੈਰ ਦੀਆਂ ਜਾਂ ਬੇਤੁਕੀਆਂ ਗੱਲਾਂ ਕਰਨ ਜਾਂ ਗੱਪਾਂ ਮਾਰਨ' ਦੇ ਅਰਥਾਂ ਵਿਚ ਵਰਤਦੇ ਹਾਂ, ਪਰ ਇਹ ਕਦੀ ਸੋਚਿਆ ਵੀ ਨਹੀਂ ਕਿ 'ਜਅਫ਼ਰ ਜ਼ਟੱਲੀ' (ਭਾਰਤ ਦਾ ਇਕ ਫ਼ਾਰਸੀ ਸ਼ਾਇਰ), ਜੋ ਅਸ਼ਲੀਲ ਤੇ ਹਸਾਉਣੇ ਸ਼ਿਅਰਾਂ ਦਾ ਦੀਵਾਨ ਛੱਡ ਗਿਆ ਹੈ, ਇਸ ਮੁਹਾਵਰੇ ਦਾ ਜਨਮ-ਦਾਤਾ ਹੈ। 'ਜ਼ਟੱਲੀ' ਤੋਂ ਲੋਕਾਂ ਨੇ 'ਸ਼ਟੱਲੀ' ਤੇ ਅੱਗੋਂ 'ਸ਼ਟੱਲੀਆਂ' ਬਣਾ ਲਿਆ। ਇਸੇ ਤਰ੍ਹਾਂ, 'ਲੂਤੀ ਲਾਉਣਾ' ਪੰਜਾਬੀ ਦਾ ਇਕ ਹੋਰ ਮੁਹਾਵਰਾ ਹੈ, ਜੋ ਚੁਗ਼ਲੀ ਖਾਣ, ਨਿੰਦਿਆ ਕਰਨ ਜਾਂ ਨਿਰਾਧਾਰ ਦੂਸ਼ਣ ਥੱਪਣ ਦੇ ਪਰਥਾਇ ਵਰਤਿਆ ਜਾਂਦਾ ਹੈ। ਲੂਤ (ਬਾਈਬਲ ਵਿਚ Lot) ਇਬਰਾਨੀ, ਅਰਬੀ ਤੇ ਈਰਾਨੀ ਸਾਹਿੱਤ ਵਿਚ ਆਮ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਸ ਤੋਂ 'ਲੂਤੀ' ਸ਼ਬਦ ਪ੍ਰਚਲਿਤ ਸੀ। ਹਰ ਦਰਬਾਰੀ ਜਾਂ ਬਾਦਸ਼ਾਹ ਕੋਈ ਨਾ ਕੋਈ 'ਲੂਤੀ' ਰੱਖਣ

ਦਾ ਚਾਹਵਾਨ ਹੁੰਦਾ ਸੀ (*ਫ਼ਰਹੰਗਿ ਆਨੰਦਰਾਜ*, ਜਿਲਦ ਪੰਜਵੀਂ, ਸਫ਼ਾ 3721)। ਲੂਤ ਦੇਸ ਦੇ ਵਸਨੀਕਾਂ ਉੱਤੇ, ਗ਼ੈਰ-ਕੁਦਰਤੀ ਭੋਗ ਦੀ ਦੁਰਵਾਦੀ ਦੇ ਕਾਰਨ ਰੱਬੀ ਅਤਾਬ ਦਾ ਜ਼ਿਕਰ ਇਸਲਾਮੀ ਧਾਰਮਿਕ ਪੁਸਤਕਾਂ ਵਿਚ ਮੌਜੂਦ ਹੈ। ਪੰਜਾਬੀ ਨੇ ਲੂਤੀ ਦੇ ਇਹ ਦੂਜੇ ਅਰਥ ਘੱਟ ਅਪਣਾਏ ਹਨ। ਹੋਰਨਾਂ ਪਾਸ ਜਾ ਜਾ ਕੇ ਚੁਗ਼ਲ-ਖ਼ੋਰੀ ਕਰਨ ਵਾਲੇ ਅਰਥ ਵਧੇਰੇ ਅਪਣਾਏ ਹਨ। ਇਸ ਤਰ੍ਹਾਂ ਦੇ ਪ੍ਰਭਾਵਾਂ ਤੋਂ ਛੁੱਟ, ਇਜ਼ਾਫ਼ਤ ਵਰਗਾ ਠੇਠ ਫ਼ਾਰਸੀ ਵਿਆਕਰਣਿਕ ਲੱਛਣ ਵੀ, ਪੰਜਾਬੀ ਵਿਚ ਵਰਤਿਆ ਮਿਲ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਕਹਿੰਦੀ ਹੈ: "...ਤੇ ਅੱਜ ਕਿਤਾਬਿ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ" (ਕਿਤਾਬਿ-ਇਸ਼ਕ = ਇਸ਼ਕ ਦੀ ਕਿਤਾਬ)। ਫ਼ਾਰਸੀ ਲਿਪੀ ਦੀ ਵਰਤੋਂ ਦੇ ਪ੍ਰਚਾਰ ਦੇ ਕਾਰਨ ਅਸੀਂ ਕਈ ਸ਼ਬਦਾਂ ਦਾ ਉਚਾਰਨ ਕੁੱਝ ਹੋਰ ਤਰ੍ਹਾਂ ਕਰਨ ਲੱਗ ਪਏ ਹਾਂ, ਜਿਵੇਂ 'ਸਰਵ' ਦੀ ਥਾਂ 'ਸਰੂ', 'ਕਸਵੱਟੀ' ਦੀ ਥਾਂ 'ਕਸੌਟੀ'। ਲਿਪੀ ਦਾ ਇਹ ਪ੍ਰਭਾਵ ਉਸੇ ਤਰ੍ਹਾਂ ਦਾ ਹੈ, ਜਿਵੇਂ ਹੁਣ ਅਸੀਂ ਅੰਗਰੇਜ਼ੀ-ਰੋਮਨ ਲਿਪੀ ਕਰ ਕੇ 'ਬੁੱਧ' ਦੀ ਥਾਂ 'ਬੁੱਧਾ', 'ਅਸ਼ੋਕ' ਦੀ ਥਾਂ 'ਅਸ਼ੋਕਾ' ਤੇ 'ਵਿਸ਼੍ਵ ਨਾਥ' ਦੀ ਥਾਂ 'ਵਿਸ਼ਵਾ ਨਾਥ' ਬਣਾ ਲਿਆ ਹੈ।

ਭਾਸ਼ਾ ਵਾਂਗ, ਪੰਜਾਬੀ ਸਾਹਿੱਤ ਉੱਤੇ ਵੀ ਬੜਾ ਡੂੰਘਾ ਪ੍ਰਭਾਵ ਪਿਆ ਹੈ। ਆਦਮ-ਹੱਵਾ, ਯੂਸਫ਼-ਜ਼ੁਲੈਖ਼ਾ, ਲੈਲਾ-ਮਜਨੂੰ, ਹਜ਼ਰਤ ਮੁਹੰਮਦ, ਹਜ਼ਰਤ ਅਲੀ, ਰੁਸਤਮ, ਸ਼ਾਹ ਬਹਿਰਾਮ, ਆਦਿ ਨਾਲ ਸੰਬੰਧਿਤ ਹਵਾਲੇ, ਬਿੰਬ ਤੇ ਪ੍ਰਤੀਕ; ਅੱਖਾਂ ਦੀ ਨਰਗਸ ਨਾਲ ਤੇ ਗੱਲ੍ਹਾਂ ਦੀ ਗੁਲਾਬ ਨਾਲ ਤੁਲਨਾ, ਗ਼ਜ਼ਲ, ਸੀਹਰਫ਼ੀ, ਰੁਬਾਈ, ਕਿੱਸਾ, ਮਸਨਵੀ, ਹਮਦ, ਨਅਤ ਤੇ ਮਰਸੀਏ, ਆਦਿ ਕਾਵਿ-ਰੂਪਾਂ ਦਾ ਪ੍ਰਵੇਸ਼ ਤੇ ਸੂਫ਼ੀ ਬਿਰਤੀ ਵਾਲੇ ਸਾਹਿੱਤ ਅਤੇ ਇਸਲਾਮੀ ਦੀਨੀ ਸਾਹਿੱਤ ਦਾ ਤਕਰੀਬਨ ਸਾਰਾ ਆਧਾਰ ਤੇ ਉਸਾਰ, ਅਰਬੀ-ਫ਼ਾਰਸੀ ਪ੍ਰਭਾਵ ਦੀਆਂ ਕੁੱਝ ਮਿਸਾਲਾਂ ਹਨ। ਅਕਵਾਲ (ਕੌਲ ਦਾ ਬਹੁ-ਵਚਨ) ਤੇ ਬਚਨ, ਜਾਂ ਮਲਫ਼ੂਜ਼ਾਂ ਤੇ ਜਨਮ-ਸਾਖੀਆਂ ਦੀ ਸਮਾਨਤਾ, ਦੇਵ-ਨੇਤ ਨਾਲ ਨਹੀਂ ਵਾਪਰੀ ਹੋਈ। ਬਾਜ਼ਨਾਮਿਆਂ ਤੇ ਅਸਪਨਾਮਿਆਂ ਦੇ ਅਨੁਵਾਦ, *ਖ਼ੈਰ ਮਨੁੱਖ* ਵਰਗੀ ਨੁਸਖ਼ਿਆਂ ਦੀ ਕਿਤਾਬ ਜਾਂ ਅਲ-ਗ਼ੱਜ਼ਾਲੀ ਦੀ *ਕੀਮਿਆਇ-ਸਆਦਤ* ਦਾ ਅਨੁਵਾਦ *ਪਾਰਸ ਭਾਗ*, ਫ਼ਾਰਸੀ ਪ੍ਰਭਾਵ ਦੇ ਨਮੂਨੇ ਹਨ। ਸਾਡੀਆਂ ਕੁੱਝ ਲੋਕ-ਕਹਾਣੀਆਂ ਦੇ ਮੁਖ-ਪਾਤਰਾਂ ਦੀਆਂ ਜਨਮ-ਭੂਮੀਆਂ ਇਸਲਾਮੀ ਦੇਸਾਂ ਵਿਚ ਸਨ, ਜਿਵੇਂ ਪੁੰਨੂੰ, ਕੇਚ-ਮਕਰਾਨ ਦਾ ਸੀ ਤੇ ਮਹੀਂਵਾਲ, ਬੁਖ਼ਾਰੇ ਦਾ। ਕਾਗ਼ਜ਼, ਜਿਸ ਨੇ ਸਾਹਿੱਤ ਨੂੰ ਲੋਕਾਂ ਤਕ ਪਹੁੰਚਾਉਣ ਵਿਚ ਬੜੀ ਭਾਰੀ ਸੇਵਾ ਕੀਤੀ ਹੈ, ਚੀਨੀਆਂ ਦੀ ਕਾਢ ਸੀ। ਅਲਬੀਰੂਨੀ ਦੇ ਕਥਨ ਅਨੁਸਾਰ ਚੀਨੀ ਕੈਦੀਆਂ ਨੇ ਸਮਰਕੰਦ ਵਿਚ ਕਾਗ਼ਜ਼ ਤਿਆਰ ਕਰਨਾ ਸ਼ੁਰੂ ਕੀਤਾ ਤਾਂ ਉਹ ਮੁਸਲਮਾਨ ਰਾਜਾਂ ਵਿਚ ਫੈਲ ਗਿਆ। ਇਉਂ ਭਾਰਤ ਵਿਚ ਕਾਗ਼ਜ਼ ਮੁਸਲਮਾਨਾਂ ਰਾਹੀਂ ਹੀ ਪਹੁੰਚਿਆ। ਸੱਯਦ ਅਬੂ ਜ਼ਫ਼ਰ ਦਾ ਅਨੁਮਾਨ ਹੈ ਕਿ ਲਾਹੌਰ, ਕਾਗ਼ਜ਼ ਬਣਾਉਣ ਦੇ ਸਭ ਤੋਂ ਪਹਿਲੇ ਕੇਂਦਰਾਂ ਵਿੱਚੋਂ ਸੀ।[21]

---

21. *ਹਿੰਦੋਸਤਾਨ ਕੇ ਮੁਸਲਮਾਨ ਹੁਕਮਰਾਨੋਂ ਕੇ ਅਹਿਦ ਕੇ ਤਮੱਦੁਨੀ ਕਾਰਨਾਮੇ*, ਸਫ਼ਾ 246.

ਕੋਮਲ-ਕਲਾਵਾਂ ਵਿੱਚੋਂ, ਬੁੱਤਾਂ ਦੀ ਘਾੜਤ ਨੂੰ ਛੱਡ ਕੇ, ਤਕਰੀਬਨ ਹਰ ਪਾਸੇ ਹੀ ਅਰਬੀ-ਫ਼ਾਰਸੀ-ਇਸਲਾਮੀ ਰੰਗ ਦੀ ਝਾਲ ਵੇਖੀ ਜਾ ਸਕਦੀ ਹੈ। ਕੱਟੜ-ਪੰਥੀ ਮੁਲਾਣਿਆਂ, ਨਕਸ਼ਬੰਦੀਆਂ ਵਰਗੀਆਂ ਸੂਫ਼ੀ ਸੰਪ੍ਰਦਾਵਾਂ ਤੇ ਔਰੰਗਜ਼ੇਬ ਵਰਗੇ ਸੰਗੀਤ-ਵਿਰੋਧੀ ਸਮਰਾਟਾਂ ਦੇ ਬਾਵਜੂਦ, ਪੰਜਾਬ ਵਿਚ ਕੱਵਾਲੀ ਦੀ ਵੇਲ ਬੜੀ ਫਲੀ-ਫੁੱਲੀ; ਕਈ ਮਿਸ਼੍ਰਿਤ ਰਾਗ ਪੈਦਾ ਹੋਏ।[22] ਹਬਾਬ, ਤਾਊਸ ਕਾਨੂੰਨ, ਸੁਰ-ਬਹਾਰ, ਸਿਤਾਰ ਤੇ ਤਬਲੇ ਵਰਗੇ ਸਾਜ਼ ਚਾਲੂ ਹੋਏ ਤੇ ਪੰਜਾਬ ਵਿਚ, ਪਟਿਆਲੇ, ਨਾਭੇ, ਕਪੂਰਥਲੇ, ਜਲੰਧਰ, ਸ਼ਾਮ ਚੁਰਾਸੀ, ਲਾਹੌਰ ਆਦਿ ਦੇ ਬੜੇ ਵੱਡੇ ਨਾਮਣੇ ਵਾਲੇ ਰਾਗ-ਘਰਾਣੇ ਪੈਦਾ ਹੋਏ, ਜਿਨ੍ਹਾਂ ਦੇ ਮੁਖੀਆਂ ਵਿੱਚੋਂ ਬਹੁਤੇ ਮੁਸਲਮਾਨ ਸਨ। ਚਿੱਤਰਕਾਰੀ ਵਿਚ ਮੁਗ਼ਲ ਕਲਾ ਤੇ ਉਸ ਤੋਂ ਪ੍ਰਭਾਵਿਤ ਬਸੋਹਲੀ ਤੇ ਕਾਂਗੜਾ ਕਲਮਾਂ ਦਾ ਪ੍ਰਭਾਵ ਪੰਜਾਬ ਉੱਤੇ ਪਏ ਪ੍ਰਭਾਵ ਦਾ ਭਾਗ ਹੈ। ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਾਲੇ ਰਣਵਾਸ ਤੋਂ ਲੈ ਕੇ ਮਹਾਰਾਜਾ ਪਟਿਆਲਾ ਦੇ ਮੋਤੀ ਬਾਗ਼ ਵਾਲੇ ਸ਼ੀਸ਼ ਮਹਿਲ ਅਤੇ ਅਬਦੁੱਰ-ਰਹਮਾਨ ਚਗ਼ਤਾਈ ਦੇ *ਦੀਵਾਨਿ ਗ਼ਾਲਿਬ* ਤੇ *ਰੁਬਾਈਆਤਿ-ਉਮਰ ਖ਼ੱਯਾਮ* ਉੱਤੇ ਆਧਾਰਿਤ ਚਿੱਤਰਾਂ ਤਕ ਇਸਲਾਮੀ-ਈਰਾਨੀ ਪ੍ਰਭਾਵ ਦਾ ਰੰਗ ਪ੍ਰਾਪਤ ਹੈ। ਹਰਿਮੰਦਰ ਸਾਹਿਬ ਦੀਆਂ ਕੰਧਾਂ ਉੱਤੇ ਪਏ ਬੇਲ-ਬੂਟੇ ਉਸ ਇਸਲਾਮੀ ਪ੍ਰਥਾ ਦੇ ਸੂਚਕ ਹਨ, ਜਿਸ ਰਾਹੀਂ ਬੇਲਕਾਰੀ ਨੂੰ ਸਿਖਰ ਉੱਤੇ ਪੁਚਾਇਆ ਗਿਆ ਸੀ। ਇਮਾਰਤਸਾਜ਼ੀ ਵਿਚ ਨੁਕੀਲੀ ਡਾਟ, ਫਾੜੀਦਾਰ ਗੁੰਬਦ ਅਤੇ ਮੁਨਾਰਿਆਂ ਦਾ ਰਿਵਾਜ ਅਤੇ ਸੰਗਮਰਮਰ ਦੀ ਖੁੱਲ੍ਹੀ ਵਰਤੋਂ ਦਾ ਬਹੁਤਾ ਪ੍ਰਚਾਰ ਇਸੇ ਪ੍ਰਭਾਵ ਦੇ ਅਧੀਨ ਹੋਇਆ। ਹਮਾਮਾਂ ਦੀ ਸੰਸਥਾ ਮੁਸਲਮਾਨ ਆਪਣੇ ਨਾਲ ਲਿਆਏ ਸਨ।[23] ਬਾਬਰ ਨੇ ਆਪਣੀ *ਤੁਜ਼ਕ* ਵਿਚ, ਹਿੰਦੀਆਂ ਨੂੰ ਯੋਜਨਾ-ਅਧੀਨ ਲਾਏ ਬਾਗ਼ਾਂ ਦੀ ਅਣਹੋਂਦ ਦਾ ਮਿਹਣਾ ਕਈ ਵਾਰ ਮਾਰਿਆ ਹੈ ਤੇ ਸੱਚ ਇਹ ਹੈ ਕਿ ਲਾਹੌਰ ਦੇ ਸ਼ਾਲਾਮਾਰ ਤੇ ਪਿੰਜੌਰ ਦਿਆਂ ਬਾਗ਼ਾਂ ਦੇ ਮੁਕਾਬਲੇ ਉੱਤੇ, ਬਾਬਰ ਦੇ ਸਮੇਂ ਦੇ, ਕਿਸੇ ਐਸੀ ਹੀ ਸ਼ਾਨ ਵਾਲੇ ਦੇਸੀ ਬਾਗ਼ ਦੀ ਅਣਹੋਂਦ, ਉਸ ਦੇ ਮਿਹਣੇ

---

22. *ਰਾਗ ਦਰਪਣ* ਵਿਚ ਹੈ ਕਿ ਹਜ਼ਰਤ ਬਹਾਉਦ੍-ਦੀਨ ਜ਼ਕਰੀਆ ਮੁਲਤਾਨੀ ਨੇ ਧਨਾਸਰੀ, ਟੋਡੀ ਤੇ ਮਾਲਸਰੀ ਨੂੰ ਮਿਲਾ ਕੇ ਮੁਲਤਾਨੀ ਧਨਾਸਰੀ ਰਾਗ ਦੀ ਕਾਢ ਕੱਢੀ, ਜਿਸ ਨੂੰ ਹਜ਼ਰਤ ਖ਼ਾਜਾ ਨਿਜ਼ਾਮੁੱਦ-ਦੀਨ ਔਲੀਆ ਆਪਣੀਆਂ ਮਹਿਫ਼ਲਾਂ ਵਿਚ ਬਹੁਤ ਪਸੰਦ ਕਰਦੇ ਸਨ। ਕੱਵਾਲੀ ਦੀ ਈਜਾਦ ਤਾਂ ਅਮੀਰ ਖ਼ੁਸਰੋ ਨਾਲ ਸੰਬੰਧਿਤ ਹੈ ਹੀ। ਉਨ੍ਹਾਂ ਨੇ ਈਰਾਨੀ ਤੇ ਹਿੰਦੋਸਤਾਨੀ ਨਗ਼ਮਿਆਂ ਨੂੰ ਮਿਲਾ ਕੇ ਬਹੁਤ ਰਾਗ-ਰਾਗਨੀਆਂ ਈਜਾਦ ਕੀਤੀਆਂ, ਜਿਵੇਂ ਉਨ੍ਹਾਂ ਦੇ ਬਣਾਏ ਰਾਗ ਏਮਨ ਵਿਚ ਹਿੰਡੋਲ ਤੇ ਨੈਰੋਜ਼ ਮਿਲੇ ਹੋਏ ਹਨ; ਉੱਸ਼ਾਕ ਵਿਚ ਸਾਰੰਗ, ਬਸੰਤ ਤੇ ਨਵਾ ਦੇ ਰਾਗਾਂ ਦਾ ਮਿਸ਼੍ਰਣ ਹੈ; ਮੁਵਾਫ਼ਿਕ ਵਿਚ ਟੋਡੀ, ਮਾਲਵੀ, ਦੋਗਾਹ ਤੇ ਹੁਸੈਨੀ ਸਮਿਲਿਤ ਹਨਸ ਇਤਿਆਦਿ। *ਹਿੰਦੋਸਤਾਨ ਕੇ ਸਲਾਤੀਨ, ਉਲਮਾ ਔਰ ਮਸ਼ਾਇਖ਼ ਕੇ ਤਅੱਲੁਕਾਤ ਪਰ ਏਕ ਨਜ਼ਰ*, ਸਫ਼ਾ 217 (ਮੂਲ ਤੋਂ ਅਨੁਵਾਦ)।
23. ਬਾਬਰ ਨੇ ਆਪਣੀ *ਤੁਜ਼ਕ* ਵਿਚ ਹਮਾਮਾਂ ਦੀ ਅਣਹੋਂਦ ਦਾ ਜ਼ਿਕਰ ਕੀਤਾ ਹੈ, ਭਾਵੇਂ *ਤਾਰੀਖ਼ਿ-ਫ਼ਰਿਸ਼ਤਾ* ਅਨੁਸਾਰ ਫ਼ੀਰੋਜ਼ ਸ਼ਾਹ ਤੁਗ਼ਲਕ ਦਸ ਹਮਾਮ ਤਿਆਰ ਕਰਵਾ ਚੁੱਕਾ ਸੀ। ਸ਼ਾਹਜਹਾਂ ਵੇਲੇ ਵਜ਼ੀਰ ਖ਼ਾਨ ਨੇ ਤੇ ਔਰੰਗਜ਼ੇਬ ਵੇਲੇ ਅਮਾਨਤ ਖ਼ਾਨ ਮੀਰਕ ਨੇ ਲਾਹੌਰ ਵਿਚ ਹਮਾਮ ਬਣਵਾਏ ਸਨ (*ਉਕਤ*, ਸਫ਼ਾ 68)।

ਨੂੰ ਵਜ਼ਨਦਾਰ ਬਣਾਉਂਦੀ ਹੈ।[24] *ਆਈਨਿ-ਅਕਬਰੀ* ਤੇ *ਤੁਜ਼ਕਿ-ਜਹਾਂਗੀਰੀ* ਵਿਚ ਯੂਰਪ, ਈਰਾਨ ਤੇ ਅਫ਼ਗਾਨਿਸਤਾਨ ਤੋਂ ਮੰਗਵਾਏ ਫਲਦਾਰ ਤੇ ਫੁੱਲਦਾਰ ਬੂਟਿਆਂ ਦਾ ਵੇਰਵਾ ਬਨਸਪਤੀ ਦੇ ਵਿਗਿਆਨੀਆਂ ਲਈ ਬੜਾ ਲਾਭਦਾਇਕ ਹੈ। ਮਾਸ ਦੇ ਤਕਰੀਬਨ ਸਾਰੇ ਪਕਵਾਨ ਅਰਬੀ-ਈਰਾਨੀ ਪ੍ਰਭਾਵ ਹੇਠ ਹੀ ਏਥੇ ਆਏ। ਹਿੰਦੁਸਤਾਨੀਆਂ ਦਾ ਖ਼ੁਰਾਕ ਬਾਰੇ, ਬਾਬਰ ਦੇ ਨਾਂ ਹੇਠ ਪ੍ਰਚਲਿਤ ਗੱਲ ਪ੍ਰਸਿੱਧ ਹੈ ਕਿ ਹਿੰਦੁਸਤਾਨੀ ਤਾਂ ਅੰਨ (ਕਣਕ) ਨੂੰ ਅੰਨ (ਦਾਲ) ਨਾਲ ਖਾਣ ਵਾਲੇ ਉਜੱਡ ਹਨ (ਗ਼ੱਲਾ ਰਾ ਬਾ ਗ਼ੱਲਾ ਖ਼ੁਰੰਦ), ਇਨ੍ਹਾਂ ਨੂੰ ਪਕਵਾਨਾਂ ਦੀ ਸੂਝ ਕਿਥੇ? ਹੁਣ ਦੇ ਮਾਸ-ਆਹਾਰ ਦੇ ਪ੍ਰਚਾਰ ਨੂੰ ਬਾਬਰ ਦੇ ਕਥਿਤ ਬਚਨ ਦੀ ਪਿਛੋਕੜ ਵਿਚ ਰੱਖ ਕੇ ਵੇਖਿਆ ਜਾਵੇ ਤਾਂ ਬਾਬਰ ਦੇ ਭਾਈਚਾਰੇ ਦਾ ਪ੍ਰਭਾਵ ਸਪੱਸ਼ਟ ਹੋ ਜਾਂਦਾ ਹੈ। ਪਹਿਰਾਵੇ ਵਿਚ ਦਸਤਾਰ, ਸਲਵਾਰ, ਪਜਾਮਾ, ਰੁਮਾਲ, ਆਦਿ ਬਾਹਰੋਂ ਆਏ ਬਸਤਰ ਹਨ। ਯੂਨਾਨੀ ਹਿਕਮਤ ਵੀ, ਯੂਨਾਨੀਆਂ ਦੀ ਨਹੀਂ, ਈਰਾਨੀਆਂ, ਆਦਿ ਦੀ ਦੇਣ ਹੈ।

---

24. 1860 ਈ. ਵਿਚ ਮਿਸਟਰ ਥੌਰਨਟਨ, ਟੀ.ਐੱਚ. ਨੇ *Lahore: A Historical and Descriptive Note* ਵਿਚ, ਜੋ 'Old Lahore' ਵਿਚ ਸਫ਼ਾ 56 ਤੋਂ 94 ਉੱਤੇ ਪੁਨਰ-ਪ੍ਰਕਾਸ਼ਿਤ ਕੀਤਾ ਗਿਆ ਹੈ, ਮੁਗ਼ਲਾਂ ਦੀ, ਬਾਕਾਇਦਾ ਯੋਜਨਾਵਾਂ ਦੇ ਅਧੀਨ ਤਿਆਰ ਕੀਤੇ ਬਾਗ਼ਾਂ ਦੀ ਦੇਣ ਬਾਰੇ ਚਰਚਾ ਕਰਦਿਆਂ ਹੇਠ-ਲਿਖਿਆ ਫ਼ੁਟ-ਨੋਟ ਦਿੱਤਾ ਹੈ:

"It is remarkable that there is no Hindi word in common use for a 'Garden'. Bagh and Chaman are Persian and Rouza Arabic." Goulding, H.R., *Old Lahore*, no date, p. 22, Universal Book (?), Lahore, reprint of 1929 edition.

ਅੰਗਰੇਜ਼ੀ ਦਾ ਪ੍ਰਭਾਵ (ਸੁਖਾਵਾਂ)

ਪੰਜਾਬ ਦਾ ਅਗਲਾ ਵੱਡਾ ਸੰਪਰਕ ਯੂਰਪੀ ਸੰਸਕ੍ਰਿਤੀ ਨਾਲ ਹੋਇਆ। ਅਠਾਰ੍ਹਵੀਂ ਸਦੀ ਦੇ ਅੰਤ ਤਕ, ਹਿੰਦੁਸਤਾਨ ਵਿਚ ਪੁਰਤਗਾਲੀ, ਡੱਚ ਤੇ ਫ਼ਰਾਂਸੀਸੀ ਬਸਤੀਵਾਦ ਨੂੰ ਅੰਗਰੇਜ਼ ਨੀਤੀ ਤੇ ਹਥਿਆਰਾਂ ਦੇ ਫੈਲਾਉ ਅੱਗੇ ਸੁੰਗੜਨ ਲਈ ਮਜਬੂਰ ਹੋਣਾ ਪਿਆ, ਜਿਸ ਦੇ ਫਲਸਰੂਪ, ਅੰਗਰੇਜ਼ ਦਾ ਯੂਨੀਅਨ-ਜੈਕ ਦੱਖਣ ਤੋਂ ਲੈ ਕੇ ਸਤਲੁਜ ਤਕ, ਸਾਰੇ ਭਾਰਤ ਉੱਤੇ ਝੁਲਣ ਲੱਗ ਪਿਆ। ਓਦੋਂ ਅਜੇ ਸਤਲੁਜ ਤੋਂ ਪੱਛਮੋਤਰ ਵੱਲ ਦਾ ਪੰਜਾਬ ਸੁਤੰਤਰ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਿਆਣਪ ਨੇ, ਬੜੀ ਛੇਤੀ, ਫ਼ੌਜੀ ਵਿੱਦਿਆ ਦੀ ਸਿਖਲਾਈ ਦੇ ਦੇਸੀ ਢਾਂਚੇ ਨਾਲੋਂ, ਯੂਰਪੀ ਢਾਂਚੇ ਦੀ ਉੱਤਮਤਾ, ਭਾਂਪ ਲਈ ਸੀ। ਉਸ ਨੇ, ਇਕ ਪਾਸੇ, ਯੂਰਪੀ ਫ਼ੌਜੀ ਅਫ਼ਸਰ ਭਰਤੀ ਕਰ ਕੇ ਆਪਣੀ ਫ਼ੌਜ ਨੂੰ, ਹਥਿਆਰਾਂ, ਜੰਗੀ ਨੀਤੀਆਂ ਤੇ ਸਿਖਲਾਈ ਵੱਲੋਂ ਯੂਰਪੀ ਨਮੂਨੇ ਉੱਤੇ ਢਾਲ ਕੇ ਉਸ ਦਾ ਪੁਨਰ-ਸੰਗਠਨ ਸ਼ੁਰੂ ਕੀਤਾ ਤੇ ਦੂਜੇ ਪਾਸੇ, ਪੰਜਾਬੀ ਬੱਚਿਆਂ ਨੂੰ, ਅੰਗਰੇਜ਼ੀ ਭਾਸ਼ਾ ਦੇ ਗਿਆਨ ਰਾਹੀਂ, ਆਧੁਨਿਕ ਜੁਗ ਵਿਚ ਪ੍ਰਵਿਸ਼ਟ ਕਰਨ ਦਾ ਸੁਫ਼ਨਾ ਲਿਆ। ਉਸ ਨੇ ਅਮਰੀਕਨ ਪ੍ਰੈਸਬੀਟੀਰੀਅਨ ਮਿਸ਼ਨ ਦੇ ਲੁਧਿਆਣਾ ਕੇਂਦਰ ਦੇ ਸੰਸਥਾਪਕ ਡਾ. ਲਾਊਰੀ ਨੂੰ ਉਚੇਚਾ ਸੱਦਾ-ਪੱਤਰ ਭੇਜ ਕੇ ਲਾਹੌਰ ਬੁਲਵਾਇਆ। ਉਸ ਵੇਲੇ, ਮਹਾਰਾਜਾ, ਅਮਰੀਕੀ ਪਾਦਰੀ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਮਨਾਉਣ ਵਿਚ ਸਫਲ ਨਾ ਹੋ ਸਕਿਆ, ਕਿਉਂਕਿ ਪਾਦਰੀ, ਅੰਗਰੇਜ਼ੀ ਦੀ ਆੜ ਹੇਠ, ਈਸਾਈ ਧਰਮ-ਗ੍ਰੰਥ ਦਾ ਅਧਿਐਨ ਤੇ ਅਧਿਆਪਨ ਕਰਾਉਣਾ ਚਾਹੁੰਦਾ ਸੀ ਤੇ ਮਹਾਰਾਜਾ ਉਸ ਦੀ ਇਹ ਚਤੁਰਾਈ ਤਾੜ ਗਿਆ ਸੀ, ਪਰ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੇ ਦਸਾਂ ਸਾਲਾਂ ਦੇ ਅੰਦਰ ਅੰਦਰ, ਸਾਰਾ ਪੰਜਾਬ ਅੰਗਰੇਜ਼ੀ ਰਾਜ-ਅਧਿਕਾਰ ਵਿਚ ਸ਼ਾਮਿਲ ਕਰ ਲਿਆ ਗਿਆ ਤੇ ਬੜੀ ਛੇਤੀ, ਯੂਰਪੀ ਤਹਿਜ਼ੀਬ ਤੇ ਕਲਚਰ ਨਾਲ ਹੋਇਆ ਅੰਸ਼ਿਕ ਸੰਪਰਕ ਸਿੱਧੇ ਤੇ ਭਰਪੂਰ ਪ੍ਰਭਾਵ ਦਾ ਰੂਪ ਧਾਰਨ ਕਰ ਗਿਆ। ਅੰਗਰੇਜ਼ੀ ਦੀ ਪੜ੍ਹਾਈ ਰਣਜੀਤ ਸਿੰਘ ਦੇ ਕਿਲ੍ਹੇ ਦੇ ਅੰਦਰਵਾਰ ਹੋਣ ਲੱਗ ਪਈ।[1] ਯੂਰਪ ਦੇ ਜੋ ਭਾਸ਼ਾਈ, ਧਾਰਮਿਕ, ਰਾਜਨੀਤਿਕ, ਸਮਾਜਿਕ, ਤਕਨੀਕੀ ਤੇ ਮਾਨਸਿਕ ਪ੍ਰਭਾਵ, ਭਾਰਤ ਦੇ ਬਾਕੀ ਪ੍ਰਦੇਸ਼ਾਂ ਵਿਚ ਪਹਿਲਾਂ ਹੀ ਪੈਣੇ ਸ਼ੁਰੂ ਹੋ ਚੁੱਕੇ ਸਨ, ਉਹੀ ਜਾਂ ਉਨ੍ਹਾਂ ਦੇ ਪੰਜਾਬ ਦੇ ਹਾਲਾਤ ਅਨੁਸਾਰ ਵੱਟੇ ਹੋਏ ਰੂਪ, ਇਥੇ ਵੀ ਖੁੱਲ੍ਹ ਕੇ ਪ੍ਰਵਿਰਤ ਹੋਣੇ ਸ਼ੁਰੂ ਹੋ ਗਏ।

---

1. "The Revd. C. Sloggett, who was at that time chaplain of Lahore opened a school for European and Eurasian children in the Fort in August 1858... The Lahore High School for boys...was established in 1862..." *Old Lahore*, p. 22.

ਅਸੀਂ ਵੇਖ ਆਏ ਹਾਂ ਕਿ ਭਾਰਤ ਵਿਚ ਇਸਲਾਮ ਦੇ ਪ੍ਰਵੇਸ਼ ਦਾ ਮੁੱਢਲਾ ਨਜ਼ਾਰਾ ਦੋ ਮਹਾਨ ਪਰਸਪਰ-ਵਿਰੋਧੀ ਤਹਿਜ਼ੀਬਾਂ ਦੀ ਟੱਕਰ ਵਾਲਾ ਸੀ, ਪਰ ਕਿਉਂਕਿ ਬਦੇਸੀ ਮੁਸਲਮਾਨ ਇਸ ਦੇਸ ਨੂੰ ਆਪਣਾ ਘਰ ਬਣਾਉਣ ਦੇ ਨਿਸਚੇ ਨਾਲ ਆਏ ਸਨ, ਤਕਰੀਬਨ ਇਕ ਹਜ਼ਾਰ ਵਰ੍ਹੇ ਦੀ ਲੰਮੀ ਸਹਿ-ਹੋਂਦ ਦੀ ਮਜਬੂਰੀ ਵੀ ਸੀ, ਇਸ ਲਈ ਦੂਹਾਂ ਤਹਿਜ਼ੀਬਾਂ ਵਿਚ, ਸਚੇਤ ਤੇ ਅਚੇਤ ਪੱਧਰਾਂ ਉੱਤੇ, ਕਾਫ਼ੀ ਸਮਨਵੈ ਵਰਤਿਆ, ਭਾਵੇਂ ਗ਼ਰਜ਼-ਪੂਰਤੀ ਲਈ, ਜਦ ਵੀ ਕਿਸੇ ਦਾ ਜੀ ਕੀਤਾ, ਵਿਰੋਧ ਵਾਲੀ ਸੁਰ ਬੜੀ ਸਫਲਤਾ ਨਾਲ ਦੱਬ ਦਿੱਤੀ ਜਾਂਦੀ ਰਹੀ। ਇਤਿਹਾਸ ਗਵਾਹ ਹੈ ਕਿ ਅੰਗਰੇਜ਼ ਨੀਤੀਕਾਰਾਂ ਨੇ, ਗੋਰੀ ਤਹਿਜ਼ੀਬ ਜਾਂ ਗੋਰਿਆਂ ਦੇ ਵਰਤਾਰੇ ਦੇ ਵਿਰੁੱਧ ਉੱਠਦੇ ਸਾਂਝੇ ਰੋਸ ਨੂੰ, ਅਨੇਕ ਵਾਰੀ ਹਿੰਦੂ-ਮੁਸਲਿਮ ਫ਼ਸਾਦ ਖੜੇ ਕਰ ਕੇ ਟਾਲਣ ਦੇ ਜਤਨ ਕੀਤੇ। ਜਿਵੇਂ, ਇਸਲਾਮੀ ਤਹਿਜ਼ੀਬ ਨਾਲ ਸੰਪਰਕ ਵੇਲੇ ਹੋਇਆ ਸੀ, ਗੋਰੀ ਤਹਿਜ਼ੀਬ ਵੱਲ ਵੀ, ਪੰਜਾਬੀ ਲੋਕਾਂ ਦਾ ਮੁੱਢਲਾ ਸਾਂਝਾ ਵਤੀਰਾ, ਵਿਰੋਧ ਵਾਲਾ ਸੀ। ਸ਼ਾਹ ਮੁਹੰਮਦ ਜਦੋਂ ਹਿੰਦ ਦੇ ਬਦੇਸੀ ਗੋਰੇ ਹਾਕਮਾਂ ਨਾਲ, ਦੇਸੀ ਪੰਜਾਬ ਦੇ ਭੇੜ ਦੀ ਕਥਾ ਬਖਾਨਦਾ ਹੈ ਤਾਂ ਪੰਜਾਬੀ ਸੂਰਮਿਆਂ ਦੀ ਸੂਰਮਤਾਈ ਦੇ ਜੋਸ਼ੀਲੇ ਬਿਆਨ ਵਿੱਚੋਂ ਉਸ ਦੀ ਅੰਗਰੇਜ਼-ਵਿਰੋਧੀ ਬਿਰਤੀ ਬੜੀ ਚੰਗੀ ਤਰ੍ਹਾਂ ਸਪੱਸ਼ਟ ਹੁੰਦੀ ਹੈ।[2] ਅਕਾਲੀ ਫੂਲਾ ਸਿੰਘ ਤੇ ਉਸ ਦੀ ਕਮਾਨ-ਹੇਠਲੇ ਅਕਾਲੀਆਂ ਦੇ ਅੰਗਰੇਜ਼-ਵਿਰੋਧੀ ਵਤੀਰੇ ਨੂੰ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ ਦੋਵੇਂ ਚੰਗੀ ਤਰ੍ਹਾਂ ਜਾਣਦੇ ਸਨ। ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਭਾਈ ਮਹਾਰਾਜ ਸਿੰਘ, ਬਾਬਾ ਰਾਮ ਸਿੰਘ, ਅਹਿਮਦ ਖਰਲ ਤੇ ਮੁਰਾਦ ਫ਼ਤਿਆਣਾ, ਆਦਿ ਜੋਧੇ ਅੰਗਰੇਜ਼-ਵਿਰੋਧੀ ਸੰਘਰਸ਼ ਦੀ ਉਸ ਵਡੇਰੀ ਕਹਾਣੀ ਦੇ ਕੁੱਝ ਪ੍ਰਸਿੱਧ ਪੰਜਾਬੀ ਪਾਤਰ ਹਨ, ਜਿਸ ਦਾ ਕਥਾਨਕ, ਬਦਲ ਬਦਲ ਕੇ, ਕਦੀ ਬਰਮਾ (ਬਾਬਾ ਰਾਮ ਸਿੰਘ, 1885; ਅਜੀਤ ਸਿੰਘ, ਸੋਹਨ ਲਾਲ ਪਾਠਕ ਤੇ ਬਾਬੂ ਹਰਨਾਮ ਸਿੰਘ ਕਾਹਰੀ, 1917), ਕਦੀ ਕੈਨੇਡਾ ਤੇ ਅਮਰੀਕਾ (ਖ਼ਾਲਸਾ ਦੀਵਾਨ ਸੋਸਾਇਟੀ, 1907; ਹਿੰਦੁਸਤਾਨੀ ਵਰਕਰਜ਼ ਔਵ ਦੀ ਪੈਸਿਫ਼ਿਕ ਕੋਸਟ, 1913), ਕਦੀ ਲੰਡਨ (ਮਦਨ ਲਾਲ ਢੀਂਗਰਾ, 1909; ਊਧਮ ਸਿੰਘ, 1940), ਕਦੀ ਕਲਕੱਤੇ (ਕੌਮਾਗਾਟਾ ਮਾਰੂ, 1914), ਕਦੀ ਅੰਮ੍ਰਿਤਸਰ (ਜੱਲ੍ਹਿਆਂ ਵਾਲਾ ਬਾਗ਼, 1919), ਕਦੀ ਮਾਸਕੋ (ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ, 1922), ਕਦੀ ਕਾਬਲ (ਤੇਜਾ ਸਿੰਘ ਸੁਤੰਤਰ, 1922; ਬਾਬਾ ਗੁਰਮੁਖ ਸਿੰਘ) ਤੇ ਕਦੀ ਲਾਹੌਰ (ਭਗਤ ਸਿੰਘ ਸ਼ਹੀਦ, ਲਾਹੌਰ ਤੇ ਹਰੀ ਕਿਸ਼ਨ ਤਲਵਾਰ, 1931) ਵਿਚ ਵਾਪਰਦਾ ਰਿਹਾ। ਗੋਰਿਆਂ ਪ੍ਰਤਿ ਘ੍ਰਿਣਾ ਕਰ ਕੇ, ਆਮ ਪੰਜਾਬੀ ਲੋਕ, ਗੋਰੀਆਂ ਤੇ ਗੋਰਿਆਂ ਨੂੰ, ਬਾਂਦਰ-ਮੂੰਹੇਂ, ਨਿਲੱਜ, ਬੇਦੀਨੇ ਤੇ ਆਚਰਣ-ਹੀਨ ਦੱਸਿਆ ਕਰਦੇ ਸਨ, ਪਰ ਹੌਲੀ ਹੌਲੀ ਰਣਜੀਤ ਸਿੰਘ ਦੇ ਵਾਰਿਸਾਂ ਦੀ ਆਪਸੀ ਖ਼ਾਨਾ-ਬਰਬਾਦੀ, ਉਨ੍ਹਾਂ ਵਿਚ ਲੋਕ-ਹਿਤ ਤੇ ਰਾਜ-ਹਿਤ ਦੇ ਅਨਿੱਖੜ ਸੰਬੰਧਾਂ ਦੀ ਚੇਤਨਾ ਦੇ ਅਭਾਵ, ਅੰਗਰੇਜ਼ ਦੀ ਚਤੁਰ ਤੇ ਸਿਆਣੀ

---

2. ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰਾਂ ਦੂਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੱਮਦਾ! ਵਿਚ ਪੰਜਾਬ ਦੇ ਜੀ, ਕਦੀ ਨਹੀਂ ਸੀ ਤੀਸਰੀ ਜਾਤ ਆਈ।
(ਸ਼ਾਹ ਮਹੱਮਦ, *ਜੰਗ ਹਿੰਦ-ਪੰਜਾਬ*)

ਰਾਜ-ਨੀਤੀ ਅਤੇ ਉਸ ਦੇ ਬੇਤਹਾਸ਼ਾ ਜਬਰ ਨੇ, ਪੰਜਾਬ ਵਿਚ, ਅੰਗਰੇਜ਼ ਦੇ ਪੈਰ ਬੜੇ ਛੇਤੀ ਜਮਾ ਦਿੱਤੇ। ਇਸ ਦਾ ਇਕ ਵੱਡਾ ਕਾਰਨ ਇਹ ਬਣਿਆ ਕਿ ਅੰਗਰੇਜ਼ ਵੱਲੋਂ ਰਾਜ-ਪ੍ਰਬੰਧ ਦੀ ਪਕਿਆਈ ਲਈ ਚੁੱਕੇ ਗਏ ਵਿਵਸਿਥਤ ਕਦਮਾਂ ਵਿਚ ਸਮਾਜਿਕ ਪ੍ਰਗਤੀ ਦੇ ਬੀਜ ਮੌਜੂਦ ਸਨ। ਮਸਲਨ, ਅਪਰ ਬਾਰੀ ਦੋਆਬ, ਵੈਸਟਰਨ ਜਮਨਾ, ਅਪਰ ਜਿਹਲਮ, ਅਪਰ ਚਨਾਬ ਤੇ ਲੋਅਰ ਬਾਰੀ ਦੋਆਬ ਨਹਿਰਾਂ ਨੇ ਜਿਥੇ ਸਰਕਾਰੀ ਖ਼ਜ਼ਾਨੇ ਨੂੰ ਭਰਪੂਰ ਬਣਾਇਆ, ਉਥੇ ਆਬਾਦਕਾਰਾਂ ਵਿਚ ਖ਼ੁਸ਼ਹਾਲੀ ਵੀ ਲਿਆਂਦੀ; ਫ਼ੌਜ ਤੇ ਫ਼ੌਜੀ ਸਾਮਾਨ ਦੀ ਲਿਆਈ-
ਲਿਜਾਈ ਲਈ ਰੇਲ ਦੀਆਂ ਪਟੜੀਆਂ ਤੇ ਸੜਕਾਂ ਦਾ ਜੋ ਜਾਲ ਵਿਛਾਇਆ ਗਿਆ, ਉਸ ਨੇ ਜਨਤਾ ਤੇ ਉਪਜ ਦੀ ਆਵਾਜਾਈ ਨੂੰ ਵੀ ਸੌਖਾ ਬਣਾ ਦਿੱਤਾ; ਜੇ ਕਾਨੂੰਨ ਤੇ ਇਨਸਾਫ਼ ਦੇ ਲਿਖਤੀ ਤੇ ਨਿਯਮਿਤ ਢਾਂਚੇ, ਅਤੇ ਉਸ ਉੱਤੇ ਕਿਸੇ ਹੱਦ ਤਕ ਇਕ-ਸਾਰ ਅਮਲ ਨੇ, ਉਸ ਦੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਵਿਚ ਸਹਾਇਤਾ ਦਿੱਤੀ, ਤਾਂ ਇਸ ਦੇ ਸਿੱਟੇ ਵਜੋਂ ਕੁੱਝ ਬੁਨਿਆਦੀ ਮਾਨਵੀ ਹੱਕਾਂ ਦੀ ਸੋਝੀ ਵੀ, ਆਪਣੇ ਆਪ, ਸਾਡੀ ਝੋਲੀ ਵਿਚ ਆ ਪਈ। ਯੂਰਪ ਵਿਚ ਸਾਇੰਸ ਤੇ ਤਕਨੀਕ ਦੀਆਂ ਨਵੀਆਂ ਉਪਯੋਗੀ ਲੱਭਤਾਂ ਤੇ ਕਾਢਾਂ ਵਾਲਾ ਸਮਾਂ, ਭਾਰਤ ਵਿਚ ਅੰਗਰੇਜ਼ ਸਾਮਰਾਜ ਦੀ ਸਥਾਪਤੀ ਦੇ ਆਸ-ਪਾਸ ਦਾ ਸਮਾਂ ਸੀ; ਅੰਗਰੇਜ਼ ਨੇ ਇਨ੍ਹਾਂ ਲੱਭਤਾਂ ਨੂੰ, ਮੁੱਖ ਰੂਪ ਵਿਚ, ਆਪਣੇ ਫ਼ੌਜੀ ਤੇ ਆਰਥਿਕ ਹਿੱਤਾਂ ਲਈ ਵਰਤਿਆ ਤੇ ਆਪਣੇ ਰਾਜ ਦੀਆਂ ਬਰਕਤਾਂ ਦੱਸ ਕੇ ਪ੍ਰਚਾਰਨ ਦਾ ਪੂਰਾ ਪੂਰਾ ਜਤਨ ਵੀ ਕੀਤਾ,[3] 'ਅੰਗਰੇਜ਼ੀ ਰਾਜ ਦੀਆਂ ਬਰਕਤਾਂ' ਦਾ ਇਕ ਪੂਰਾ ਪਾਠ, ਜਿਸ ਵਿਚ ਸ਼ੇਰ ਤੇ ਬੱਕਰੀ ਨੂੰ ਇਕ ਘਾਟ ਪਾਣੀ ਪਿਆਉਣਾ, ਅੰਗਰੇਜ਼ੀ ਰਾਜ ਦੀ ਇਕ ਵੱਡੀ ਬਰਕਤ ਦੱਸੀ ਹੁੰਦੀ ਸੀ, ਸਕੂਲ ਦੀਆਂ ਪਾਠ-ਪੁਸਤਕਾਂ ਦਾ ਭਾਗ ਹੁੰਦਾ ਸੀ। ਇਹ ਵੀ ਬਾਰ ਬਾਰ ਦ੍ਰਿੜ੍ਹ ਕਰਵਾਇਆ ਜਾਂਦਾ ਸੀ ਕਿ ਬਰਤਾਨੀਆ ਦੇ ਰਾਜ ਉੱਤੇ ਸੂਰਜ ਕਦੀ ਨਹੀਂ ਡੁੱਬਦਾ। ਦੇਸੀਆਂ ਨੇ ਅੰਗਰੇਜ਼-ਵਿਰੋਧੀ ਕਾਰਵਾਈਆਂ ਵਿਚ ਵੀ ਤੇ ਆਪਣੀ ਪ੍ਰਗਤੀ ਲਈ ਵੀ, ਇਨ੍ਹਾਂ ਬਰਕਤਾਂ ਤੋਂ ਪੂਰਾ ਲਾਭ ਉਠਾਉਣ ਦਾ ਜਤਨ ਕੀਤਾ।

ਇਹ ਲੇਖ ਲਿਖਣ ਵੇਲੇ ਤਕ ਅੰਗਰੇਜ਼ੀ ਤਹਿਜ਼ੀਬ ਨਾਲ ਪੰਜਾਬ ਦਾ ਸਿੱਧਾ ਸੰਪਰਕ ਪਿਆਂ ਕੇਵਲ ਸਵਾ ਸੌ ਸਾਲ ਹੋਏ ਹਨ, ਪਰ ਸ਼ਹਿਰਾਂ ਤੋਂ ਦੂਰ, ਬਾਹਰਵਾਰ ਸਿਵਲ-ਲਾਈਨਾਂ ਜਾਂ ਛਾਉਣੀਆਂ ਵਿਚ ਰਹਿਣ ਤੇ ਪੰਜਾਬ ਨੂੰ ਪੱਕਾ ਵਸੇਬਾ ਨਾ ਬਣਾਉਣ ਦੀ ਅੰਗਰੇਜ਼ ਨੀਤੀ ਅਤੇ ਆਜ਼ਾਦੀ ਦੀ ਪ੍ਰਾਪਤੀ ਲਈ ਹੋਏ ਅੰਗਰੇਜ਼-ਵਿਰੋਧ ਦੇ ਬਾਵਜੂਦ, ਸਵਾ ਸੌ ਸਾਲ ਦੇ ਇਸ ਸੰਪਰਕ ਨੇ, ਪੰਜਾਬੀ ਲੋਕਾਂ ਦੀ ਮਨੋਬਿਰਤੀ ਉੱਤੇ ਵਿਆਪਕ ਤੇ ਡੂੰਘੇ ਪ੍ਰਭਾਵ ਛੱਡੇ ਹਨ ਅਤੇ ਪੰਜਾਬ ਨੂੰ ਜਿਸ ਜੁਗ ਦੀ ਦਲ੍ਹੀਜ ਉੱਤੇ ਲਿਆ ਖੜਾ ਕੀਤਾ ਹੈ, ਉਸ ਦੇ ਸਨਮੁਖ, ਆਰੀਆ ਤੇ ਸਾਮੀ

3. "We have already within the half-century of our dominion, done More for the substantial benefit of the people than our predecessors...were able to accomplish in more than ten times that period..." Elliot, Sir, H.M., *The History of India as Told by Its Own Historians*, (1969), p. xxvii.

ਤਹਿਜ਼ੀਬਾਂ ਦੀ ਟੱਕਰ ਤੋਂ ਲੈ ਕੇ ਇਨ੍ਹਾਂ ਦੇ ਸਮਨਵੈ ਤਕ ਵਾਲਾ ਸਾਰਾ ਮਹਾਨ ਨਾਟਕ, ਇਕਾਂਗੀ ਲੱਗਣ ਲੱਗ ਪਿਆ ਹੈ। ਸੱਚੀ ਗੱਲ ਇਹ ਹੈ ਕਿ ਜੇ ਇਸ ਸਾਰੇ ਪ੍ਰਭਾਵ ਨੂੰ ਕੇਵਲ ਅੰਗਰੇਜ਼ੀ ਪ੍ਰਭਾਵ ਮੰਨਿਆ ਜਾਵੇ, ਤਾਂ ਇਹ ਯਥਾਰਥ ਦੀ ਵਿਸ਼ਾਲਤਾ ਨੂੰ ਸੰਕੁਚਿਤ ਕਰਨ ਵਾਲੀ ਗੱਲ ਹੋਵੇਗੀ। ਨਾ ਇਹ ਪ੍ਰਭਾਵ ਨਿਰੋਲ ਅੰਗਰੇਜ਼ੀ ਸੀ ਤੇ ਨਾ ਕੇਵਲ ਭਾਰਤ ਜਾਂ ਪੰਜਾਬ ਤਕ ਹੀ ਸੀਮਿਤ ਸੀ। ਇਹ ਉਸ ਵਿਸ਼ਵ-ਵਿਆਪੀ ਯੂਰਪੀ ਵਾਤਾਵਰਨ ਦਾ ਅੰਗ ਸੀ, ਜਿਸ ਨੇ ਤਕਰੀਬਨ ਹਰ ਗ਼ੈਰ-ਯੂਰਪੀ ਦੇਸ ਨੂੰ, ਥੋੜਾ ਜਾਂ ਬਹੁਤਾ, ਕੁੱਝ ਅੱਗੋਂ ਜਾਂ ਕੁੱਝ ਪਿੱਛੋਂ, ਆਪਣੇ ਕਲਾਵੇ ਵਿਚ ਲਿਆ ਹੈ। ਇਸ ਸੰਪਰਕ ਨਾਲ ਜਿਨ੍ਹਾਂ ਰੁਚੀਆਂ ਨੂੰ ਬਲ ਮਿਲਿਆ ਹੈ, ਉਹ ਹਨ :

1. ਹੱਥਾਂ ਦੀ ਥਾਂ ਮਸ਼ੀਨ ਦੀ ਵਰਤੋਂ, ਜੋ ਸਮੇਂ, ਸਥਾਨ ਤੇ ਸਰੀਰਿਕ ਮਿਹਨਤ ਨੂੰ ਉਲੰਘਣ ਵਿਚ ਕਾਹਲ ਦੀ ਪ੍ਰਤੀਕ ਹੈ;
2. ਕੁਦਰਤ ਦੇ ਹਰ ਨਿੱਕੇ-ਵੱਡੇ ਪਦਾਰਥ ਦੀ ਪ੍ਰਕਿਰਤੀ ਤੇ ਸੁਭਾ ਦੀ ਪਛਾਣ, ਪਰਖ ਤੇ ਪੜਤਾਲ ਲਈ ਪ੍ਰਯੋਗਸ਼ਾਲਾਵਾਂ ਦੀ ਵਰਤੋਂ ਅਤੇ ਨਿਕਲੇ ਸਿੱਟਿਆਂ ਉੱਤੇ ਇਤਬਾਰ;
3. ਤਕਦੀਰ ਦੀ ਥਾਂ ਤਦਬੀਰ ਉੱਤੇ ਵਧੇਰੇ ਨਿਸਚਾ;
4. ਜਗਤ ਤੇ ਸਮਾਜ ਨੂੰ ਕਾਲ-ਕ੍ਰਮ, ਇਤਿਹਾਸ ਜਾਂ ਵਿਕਾਸ ਦੇ ਪ੍ਰਸੰਗ ਵਿਚ ਵੇਖਣ ਦਾ ਸੁਭਾ;
5. ਅਧਿਕਾਰਾਂ ਨੂੰ ਵਰਣ ਜਾਂ ਜਨਮ ਨਾਲ ਸੰਬੰਧਿਤ ਕਰਨ ਵਾਲੀ ਪਰੰਪਰਾ ਵੱਲੋਂ ਬੇਮੁਖਤਾ;
6. ਵਿੱਦਿਆ ਤੇ ਧਰਮ ਦੀ ਅਨਿੱਖੜਤਾ ਵਿਚ ਵਿਰਲ;
7. ਅਖ਼ਬਾਰਾਂ ਤੇ ਵੋਟਾਂ ਰਾਹੀਂ ਲੋਕ-ਰਾਏ ਦਾ ਪ੍ਰਗਟਾਵਾ।

ਇਨ੍ਹਾਂ ਰੁਚੀਆਂ ਨੇ ਸਥਾਪਿਤ ਭਾਈਚਾਰੇ ਦੀ ਸੋਚ ਤੇ ਅਰਥਚਾਰੇ ਦੀ ਵਿਉਂਤ ਵਿਚ ਬੜਾ ਭਾਰਾ ਫ਼ਰਕ ਪਾ ਦਿੱਤਾ ਹੈ। ਜੇ ਇਸਲਾਮ ਦੇ ਪ੍ਰਵੇਸ਼ ਨਾਲ ਮੱਧ-ਯੁਗ ਦਾ ਪ੍ਰਵੇਸ਼ ਹੋਇਆ ਸੀ ਤਾਂ ਅੰਗਰੇਜ਼ ਦਾ ਪ੍ਰਵੇਸ਼ ਆਧੁਨਿਕ ਯੁਗ ਦੇ ਹਰਕਾਰੇ ਦੇ ਰੂਪ ਵਿਚ ਹੋਇਆ। ਪੰਜਾਬੀਆਂ ਦੀਆਂ ਸਮਾਜਿਕ ਕਦਰਾਂ-ਕੀਮਤਾਂ, ਧਾਰਮਿਕ ਵਿਸ਼ਵਾਸਾਂ, ਅਧਿਆਤਮਿਕ ਮਨੌਤਾਂ ਤੇ ਰਸਮਾਂ-ਰਿਵਾਜਾਂ ਵਿਚ ਭਾਰੀ ਹਿਲ-ਜੁਲ ਪੈਦਾ ਹੋ ਗਈ। ਜਿਉਂ ਜਿਉਂ ਆਵਾਜਾਈ, ਸੰਚਾਰ ਤੇ ਪ੍ਰਸਾਰ ਦੇ ਸਾਧਨਾਂ ਵਿਚ ਵਾਧਾ ਹੁੰਦਾ ਗਿਆ, ਦੁਨੀਆ ਛੁਟੇਰੀ ਹੁੰਦੀ ਗਈ ਤੇ ਮਸ਼ੀਨ ਰਾਹੀਂ ਉਪਜਾਈਆਂ ਵਸਤਾਂ ਵਾਂਗ, ਵਿਚਾਰਾਂ ਵਿਚ ਵੀ ਇਕਸਾਰਤਾ ਆਉਣ ਲੱਗ ਪਈ। ਸੰਦ ਜਾਂ ਖ਼ਿਆਲ ਦਾ ਜਨਮ ਭਾਵੇਂ ਕਿਸੇ ਦੇਸ ਵਿਚ ਹੋਇਆ, ਵੇਖਦਿਆਂ ਹੀ ਵੇਖਦਿਆਂ, ਰੁਕਾਵਟਾਂ ਦੇ ਬਾਵਜੂਦ, ਸਭ ਦੇਸਾਂ-ਪ੍ਰਦੇਸਾਂ ਦੀ ਸਾਂਝੀ ਮਲਕੀਅਤ ਬਣਦਾ ਗਿਆ। ਪਹਿਲੇ ਪਹਿਲ, ਉਦਯੋਗਿਕ ਜਾਂ ਤਕਨੀਕੀ ਭੱਠੀ ਯੂਰਪ ਵਿਚ ਤਪੀ ਪਰ, ਕੀ ਇਸ ਦਾ ਨਿੱਘ ਤੇ ਕੀ ਇਸ ਦਾ ਸੇਕ, ਇਨ੍ਹਾਂ ਨੇ ਮੋਹਿਆ ਸਾਰੀ ਦੁਨੀਆਂ ਨੂੰ। ਬਹੁਤਾ ਸੇਕ ਉਨ੍ਹਾਂ ਦੇਸਾਂ ਨੂੰ ਲੱਗਾ, ਜਿਨ੍ਹਾਂ ਨੂੰ ਯੂਰਪ ਦੇ ਦੇਸਾਂ ਨੇ, ਆਪਣੇ ਪਦਾਰਥਕ ਫੈਲਾਉ

ਦੀ ਖਪਤ ਦਾ ਨਿਸ਼ਾਨਾ ਬਣਾਇਆ, ਜਿਵੇਂ ਅੰਗਰੇਜ਼ ਨੇ ਹਿੰਦੁਸਤਾਨ ਨੂੰ। ਉਸ ਨੇ ਸਾਰੇ ਭਾਰਤ ਦੇਸ ਦੇ ਅਰਥਚਾਰੇ ਨੂੰ, ਆਪਣੇ ਵਲੈਤ ਦੇ ਕਾਰਖ਼ਾਨੇ ਚਲਾਉਣ ਲਈ, ਕੱਚਾ ਮਾਸ ਸਸਤੇ ਭਾਅ ਲੈ ਕੇ, ਪੱਕਾ ਮਾਲ ਮਹਿੰਗੇ ਭਾਅ ਵੇਚਣ ਦੇ ਅਨੁਕੂਲ ਢਾਲਿਆ। (ਉਸ ਦੀ ਨਜ਼ਰ ਵਿਚ ਪੰਜਾਬ ਇਕ ਵਿਸ਼ਾਲ ਅੰਨ-ਉਪਜਾਊ ਖੇਤ ਸੀ, ਜਿਸ ਵਿਚ ਉਦਯੋਗ ਲਈ ਕੋਈ ਥਾਂ ਨਹੀਂ ਸੀ।) ਉਸ ਨੇ ਸਾਡੀ ਪੈਦਾਵਾਰ ਤੇ ਆਦਮ-ਸ਼ਕਤੀ ਨੂੰ ਆਪਣੇ ਸਾਮਰਾਜ ਦੀ ਸਥਾਪਤੀ ਲਈ ਵਰਤਿਆ ਤੇ ਆਪ-ਸਹੇੜੀਆਂ ਸਾਮਰਾਜੀ ਜੰਗਾਂ ਵਿਚ ਇਥੋਂ ਦੇ ਲੋਕਾਂ ਨੂੰ ਤੋਪਾਂ ਦਾ ਖ਼ਾਜਾ ਬਣਾਇਆ। ਦੱਸਿਆ ਜਾਂਦਾ ਹੈ ਕਿ 1914-18 ਵਿਚ ਕੁੱਲ ਸਾਢੇ ਛੇ ਲੱਖ ਰੰਗਰੂਟਾਂ ਦੀ ਭਰਤੀ ਹੋਈ ਸੀ, ਜਿਨ੍ਹਾਂ ਵਿੱਚੋਂ ਸਾਢੇ ਤਿੰਨ ਲੱਖ ਤੋਂ ਉੱਪਰ ਪੰਜਾਬੀ ਸਨ। ਸਾਨੂੰ ਕਈ ਨਵੀਆਂ ਵਬਾਵਾਂ ਦਾ ਸ਼ਿਕਾਰ ਵੀ ਯੂਰਪੀ ਸੰਪਰਕ ਕਰ ਕੇ ਹੀ ਹੋਣਾ ਪਿਆ। ਖ਼ੁਸ਼ਵੰਤ ਸਿੰਘ ਅਨੁਸਾਰ, "1918 ਦੇ ਅੰਤ ਤਕ ਇਕ ਲੱਖ ਤੋਂ ਉੱਪਰ ਪੰਜਾਬੀ, ਜੰਗੀ ਬੁਖ਼ਾਰ ਦਾ ਸ਼ਿਕਾਰ ਹੋ ਚੁੱਕੇ ਸਨ।"[4] ਜਿਥੇ ਸਾਨੂੰ ਅੰਗਰੇਜ਼ੀ ਸੰਪਰਕ ਨਾਲ ਇਸ ਤਰ੍ਹਾਂ ਦੀ ਮਾਰ ਪਈ, ਓਥੇ ਅਸੀਂ ਲਾਹਾ ਵੀ ਕਾਫ਼ੀ ਖੱਟਿਆ ਜਿਸ ਦਾ ਕੁੱਝ ਵੇਰਵਾ ਇਉਂ ਹੈ :

ਯੂਰਪੀ ਸੰਪਰਕ ਰਾਹੀਂ ਜਿਨ੍ਹਾਂ ਵਸਤੂਆਂ, ਸੰਸਥਾਵਾਂ ਤੇ ਪ੍ਰਵਿਰਤੀਆਂ, ਦਾ ਪੰਜਾਬ ਦੇ ਸਮਾਜ ਤੇ ਸੋਚਣੀ ਦੇ ਹਰ ਪੱਖ ਉੱਤੇ ਵਿਆਪਕ ਅਸਰ ਹੋਇਆ ਹੈ, ਉਨ੍ਹਾਂ ਵਿੱਚੋਂ ਕੁੱਝ ਹਨ : ਅੰਗਰੇਜ਼ੀ ਬੋਲੀ; ਡਾਕ, ਤਾਰ ਤੇ ਟੈਲੀਫ਼ੋਨ, ਆਦਿ; ਬਾਲਣ ਦੀ ਥਾਂ ਭਾਫ਼, ਬਿਜਲੀ ਤੇ ਸੂਰਜੀ ਤਪਸ਼ ਦੀ ਵਰਤੋਂ; ਬਾਈਸਿਕਲ, ਮੋਟਰ-ਸਾਈਕਲ, ਮੋਟਰ, ਰੇਲ-ਗੱਡੀ ਤੇ ਹਵਾਈ ਜਹਾਜ਼; ਘੜੀ, ਕੈਮਰਾ, ਵੀਡੀਓ, ਟਾਈਪ-ਰਾਈਟਰ, ਕੰਪਿਊਟਰ ਤੇ ਛਾਪਾਖ਼ਾਨਾ; ਛਾਪੇ ਦੀਆਂ ਕਿਤਾਬਾਂ, ਅਖ਼ਬਾਰ, ਰਿਸਾਲੇ, ਰੇਡੀਓ ਤੇ ਟੀ.ਵੀ.; ਖ਼ੁਰਦਬੀਨ ਤੇ ਦੂਰਬੀਨ; ਕ੍ਰੇਨ, ਟਰੈਕਟਰ, ਟਿਊਬਵੈੱਲ ਤੇ ਵਲੈਤੀ ਖਾਦ; ਰੋਗਾਣੂਆਂ ਦੀ ਪਛਾਣ ਤੇ ਬੀਮਾਰੀਆਂ ਉੱਤੇ ਕਾਬੂ ਪਾਉਣ ਵਾਲੇ ਅਨੇਕ ਜੰਤਰ, ਦਵਾਈਆਂ ਤੇ ਟੀਕੇ; ਹਾਕੀ, ਕ੍ਰਿਕਟ, ਬਾਸਕਿਟ ਬਾਲ ਤੇ ਫ਼ੁਟਬਾਲ; ਬਿਸਕੁਟ, ਕੇਕ, ਪੇਸਟਰੀ, ਕ੍ਰੀਮ ਰੋਲ ਤੇ ਡਬਲ ਰੋਟੀ; ਕਰੀਮਾਂ ਤੇ ਪਾਊਡਰ; ਸਿਲੋਲਾਈਡ ਤੇ ਜਿਸਤ; ਆਲੂ, ਗੋਭੀ, ਟਮਾਟਰ ਤੇ ਮਾਲਟਾ; ਮਿੱਲ ਦੀ ਦਾਣੇਦਾਰ ਖੰਡ ਤੇ ਕੱਪੜਾ; ਖਣਿਜ ਪਦਾਰਥਾਂ ਤੋਂ ਬਣੇ ਕੱਪੜੇ, ਜਿਵੇਂ ਟੈਰੀਲੀਨ; ਬਨਾਸਪਤੀ ਘਿਉ ਅਤੇ ਸਿਗਰਟ, ਆਦਿ। ਸ਼੍ਰੇਣੀਵਾਰ ਤੇ ਵਿਸ਼ੇਵਾਰ ਪੜ੍ਹਾਈ, ਸ਼੍ਰੇਣੀਵਾਰ ਪਾਠ-ਪੁਸਤਕਾਂ ਅਤੇ ਧਰਮ-ਤੇ-ਵਰਣ-ਨਿਰਪੇਖ ਸਿੱਖਿਆ ਇਸੇ ਪ੍ਰਭਾਵਾਂ ਦਾ ਨਤੀਜਾ ਹਨ। ਆਮ ਪਬਲਿਕ ਲਈ ਮੁਫ਼ਤ ਪੁਸਤਕਾਲਿਆਂ ਦਾ ਸੰਕਲਪ ਵੀ ਇਸ ਸਮੇਂ ਤੋਂ ਪਹਿਲਾਂ ਮੌਜੂਦ ਨਹੀਂ ਸੀ। ਪੱਥਰ, ਰੋੜੀ, ਬੱਜਰੀ ਤੇ ਲੁੱਕ ਆਦਿ ਨਾਲ ਪੱਕੀਆਂ ਕੀਤੀਆਂ ਸੜਕਾਂ; ਠੱਗੀ, ਸਤੀ, ਕੁੜੀ-ਹੱਤਿਆ, ਨਰ-ਆਹੂਤੀ ਤੇ ਜਾਤ-ਪਾਤ ਵਰਗੀਆਂ ਕੁਰੀਤੀਆਂ ਬਾਰੇ ਗੁਰੂ ਗ੍ਰੰਥ ਸਾਹਿਬ ਜਾਂ ਰਹਿਤਨਾਮਿਆਂ ਵਿਚ ਕਰੜੀ ਤਾੜਨਾ ਮੌਜੂਦ ਸੀ, ਫੇਰ ਵੀ ਪੰਜਾਬ ਵਿਚ ਇਨ੍ਹਾਂ ਕੁਕਰਮਾਂ ਦਾ ਬੀ ਨਾਸ ਨਹੀਂ ਸੀ ਹੋਇਆ। ਅੰਗਰੇਜ਼ ਹਕੂਮਤ

4. *A History of the Sikhs*, (1969), ਜਿਲਦ II, ਸਫ਼ਾ 162.

ਨੇ ਇਨ੍ਹਾਂ ਤੇ ਕੁੱਝ ਹੋਰ ਕੁਰੀਤੀਆਂ ਦੇ ਵਿਰੁੱਧ, ਜਿਵੇਂ ਅੱਲੀ ਉਮਰ ਦੀ ਸ਼ਾਦੀ ਬਾਰੇ, ਕਾਨੂੰਨ ਪਾਸ ਕੀਤੇ।[5] ਵਿਧਵਾ-ਵਿਆਹ, ਜੋ ਅੰਗਰੇਜ਼ ਤੋਂ ਪਹਿਲਾਂ ਦੇ ਸਮਾਜ ਵਿਚ ਦੁਰਲੱਭ ਸਨ, ਪੱਛਮੀ ਪ੍ਰਭਾਵਾਂ ਕਰਕੇ ਸ਼ੁਰੂ ਹੋ ਗਏ। ਕਾਨੂੰਨ ਦੀ ਨਿਗਾਹ ਵਿਚ ਤੀਵੀਂ-ਮਰਦ ਦੀ ਬਰਾਬਰੀ, ਹਰ ਬਾਲਗ਼ ਪ੍ਰਾਣੀ-ਮਾਤਰ ਨੂੰ ਵੋਟ ਦਾ ਸਮਾਨ ਹੱਕ, ਗੁਪਤ ਵੋਟਾਂ ਨਾਲ ਚੁਣੀ ਹੋਈ ਅਸੈਂਬਲੀ ਜਾਂ ਪਾਰਲੀਮੈਂਟ ਤੇ ਪਾਰਟੀ-ਰਾਜ; ਵਿਰਾਸਤ ਦੀ ਥਾਂ ਇਮਤਿਹਾਨ ਜਾਂ ਲੋਕ-ਮਤ ਰਾਹੀਂ ਪਦਵੀ ਦਾ ਨਿਰਣਾ—ਇਹ ਤੇ ਇਸ ਵਰਗੀਆਂ ਹੋਰ ਆਧੁਨਿਕ ਰਾਜਨੀਤੀ ਤੇ ਰਾਜ-ਪ੍ਰਬੰਧ ਦੀਆਂ ਮਾਣ-ਪ੍ਰਾਪਤ ਸੰਸਥਾਵਾਂ, ਅੰਗਰੇਜ਼ੀ ਰਾਜ ਵੇਲੇ ਸਾਡੀ ਚੇਤਨਾ ਦਾ ਭਾਗ ਬਣੀਆਂ। ਸ਼ਹਿਰੀ ਵਿਉਂਤ-ਬੰਦੀ ਵਿਚ, ਸੁਰੱਖਿਆ ਦੀ ਥਾਂ, ਸੁਖ-ਸਹੂਲਤ ਤੇ ਸਿਹਤ ਦੀਆਂ ਲੋੜਾਂ ਨੇ ਲੈ ਲਈ—ਫ਼ਸੀਲਾਂ ਦਾ ਫ਼ੈਸ਼ਨ ਪੁਰਾਣਾ ਹੋ ਗਿਆ; ਤੰਗ, ਟੇਢੀਆਂ-ਮੇਢੀਆਂ ਗਲੀਆਂ ਦੀ ਥਾਂ ਖੁੱਲ੍ਹੀਆਂ, ਸਿੱਧੀਆਂ ਗਲੀਆਂ ਤੇ ਚੌੜੀਆਂ ਸੜਕਾਂ ਬਣਾਉਣ ਦੀ ਰੁਚੀ ਜਾਗ ਪਈ; ਸ਼ਾਂਤੀ ਤੇ ਸੁਰੱਖਿਆ ਦੀ ਛਤਰੀ ਦੀ ਮੌਜੂਦਗੀ ਦੇ ਇਹਸਾਸ ਅਤੇ ਵਿਅਕਤੀਵਾਦ ਦੀ ਨਵੀਂ ਉੱਭਰੀ ਰੁਚੀ ਹੇਠ, ਘੁੱਗ ਆਬਾਦੀ ਤੋਂ ਬਾਹਰਵਾਰ, ਇਕ ਦੂਜੇ ਤੋਂ ਵਿੱਥ ਉੱਤੇ, ਖਿੜਕੀਆਂ, ਰੌਸ਼ਨਦਾਨਾਂ ਤੇ ਸ੍ਵੈ-ਚਾਲਕ ਫ਼ਲੱਸ਼ਦਾਰ ਗੁਸਲਖ਼ਾਨਿਆਂ ਵਾਲੇ ਮਕਾਨ, ਵੱਡੀ ਗਿਣਤੀ ਵਿਚ ਬਣਨ ਲੱਗ ਪਏ; ਮਕਾਨਾਂ ਵਿਚ ਪਾਰਦਰਸ਼ੀ ਸ਼ੀਸ਼ੇ ਦੀ ਵਰਤੋਂ ਵਧੇਰੇ ਹੋਣ ਲੱਗ ਪਈ, ਛੋਟੀਆਂ ਨਾਨਕਸ਼ਾਹੀ ਇੱਟਾਂ ਦੀ ਥਾਂ 11 × 23 ਸੈਂਟੀਮੀਟਰ ਦੀਆਂ ਇੱਟਾਂ ਵਰਤੀਆਂ ਜਾਣ ਲੱਗ ਪਈਆਂ; ਚੂਨੇ ਦੀ ਥਾਂ ਸੀਮਿੰਟ ਨੇ ਲੈ ਲਈ; ਕਈ ਨਵੀਆਂ ਵਿਉਂਤ-ਅਨੁਸਾਰ ਬਣੀਆਂ ਆਬਾਦੀਆਂ ਹੋਂਦ ਵਿਚ ਆਉਣ ਲੱਗ ਪਈਆਂ ਤੇ ਪਾਣੀ, ਰੌਸ਼ਨੀ, ਪੱਕੀਆਂ ਸੜਕਾਂ ਤੇ ਸਫ਼ਾਈ ਦੇ ਸਾਂਝੇ ਕੇਂਦਰੀ ਪ੍ਰਬੰਧ ਦਾ ਸੰਕਲਪ ਜੜ੍ਹ ਫੜਨ ਲੱਗ ਪਿਆ। ਬੋਕੀ ਵਾਲਾ ਨਲਕਾ ਘਰੋ-ਘਰੀ ਪਹੁੰਚ ਗਿਆ। ਪੰਜਾਬ ਦੇ ਕਈ ਪ੍ਰਸਿੱਧ ਸ਼ਹਿਰਾਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਮੰਡੀਆਂ, ਬਜ਼ਾਰਾਂ, ਬਾਗ਼ਾਂ ਤੇ ਸੜਕਾਂ ਆਦਿ ਦੇ ਨਾਂ ਅੰਗਰੇਜ਼ ਹਾਕਮਾਂ ਦੇ ਨਾਂ ਉੱਤੇ ਰੱਖੇ ਹੋਏ ਹਨ, ਜਿਵੇਂ ਲਾਇਲਪੁਰ (ਹੁਣ ਫ਼ੈਸਲਾਬਾਦ), ਮਿੰਟਗੁਮਰੀ (ਹੁਣ ਸਾਹੀਵਾਲ), ਐਬਟਾਬਾਦ, ਏਚਿਸਨ ਕਾਲਜ (ਚੀਫ਼ਸ ਕਾਲਜ), ਲਾਹੌਰ; ਅਲੈਗਜ਼ੈਂਡਰਾ ਗਰਲਜ਼ ਹਾਈ ਸਕੂਲ, ਅੰਮ੍ਰਿਤਸਰ; ਵਿਕਟੋਰੀਆ ਜੁਬਲੀ ਹਸਪਤਾਲ (ਹੁਣ, ਗੁਰੂ ਤੇਗ਼ ਬਹਾਦਰ ਹਸਪਤਾਲ), ਅੰਮ੍ਰਿਤਸਰ; ਹਾਲ ਬਾਜ਼ਾਰ, ਅੰਮ੍ਰਿਤਸਰ; ਮੰਡੀ ਫ਼ੈਂਟਨ ਗੰਜ (ਜਲੰਧਰ); ਲਾਰੰਸ ਬਾਗ਼, ਲਾਹੌਰ; ਮਕਲੋਡ ਰੋਡ, ਲਾਹੌਰ; ਆਦਿ।

ਪੂਰਵ-ਮੁਗ਼ਲ ਮੁਸਲਮਾਨ ਕਾਲ ਵਿਚ 'ਹਿੰਦੁਸਤਾਨ', ਵਿੰਧੀਆਚਲ ਤੋਂ ਉੱਪਰਲੇ ਭੂ-ਖੰਡ ਦਾ ਲਖਾਇਕ ਹੁੰਦਾ ਸੀ, ਜਿਸ ਤੋਂ ਥੱਲਵੇਂ ਭਾਗ ਨੂੰ 'ਦੱਕਨ' (ਦੱਖਣ) ਕਿਹਾ ਜਾਂਦਾ ਸੀ; ਰਣਜੀਤ ਸਿੰਘ ਦੇ ਸਮੇਂ 'ਪੰਜਾਬ' ਤੇ 'ਹਿੰਦ' ਦੋ ਵੱਖ ਵੱਖ ਇਕਾਈਆਂ ਬਣ ਗਈਆਂ ਸਨ। ਸ਼ਾਹ ਮੁਹੰਮਦ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ

5. Morrison John, *New Ideas in India during the Nineteenth Century*, Indian reprint, (1977), p. 3, 14.

ਨੂੰ 'ਜੰਗ ਹਿੰਦ-ਪੰਜਾਬ ਦਾ ਹੋਣ ਲੱਗਾ' ਦੱਸਦਾ ਹੈ, ਪਰ ਜਦੋਂ ਪੰਜਾਬ ਉੱਤੇ ਵੀ ਲਾਲ ਰੰਗ ਫਿਰ ਗਿਆ ਤਾਂ ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ, ਸਾਰੇ ਦੇਸ ਦੀ ਅਖੰਡ ਇਕਾਈ ਦਾ ਸੰਕਲਪ ਉੱਘੜਨ ਲੱਗ ਪਿਆ। *ਗ਼ਦਰ ਗੂੰਜਾਂ* ਦੇ ਪੰਨੇ ਪੰਨੇ ਉੱਤੇ ਇਸ ਚੇਤਨਾ ਦਾ ਪਸਾਰ ਵੇਖਿਆ ਜਾ ਸਕਦਾ ਹੈ। ਗ਼ਦਰੀ ਬਾਬੇ ਕੇਵਲ ਪੰਜਾਬ ਦੀ ਆਜ਼ਾਦੀ ਲਈ ਨਹੀਂ, ਸਮੁੱਚੇ ਦੇਸ ਦੀ ਆਜ਼ਾਦੀ ਲਈ ਘੋਲ ਕਰਦੇ ਦਿੱਸਦੇ ਹਨ। ਬਾਬੂ-ਸ਼੍ਰੇਣੀ, ਮੱਧ-ਸ਼੍ਰੇਣੀ, ਮਜ਼ਦੂਰ-ਕਿਸਾਨ ਸੰਗਠਨ, ਸਮਾਜਵਾਦ, ਪਦਾਰਥਵਾਦ, ਸੰਬਾਦੀ ਪਦਾਰਥਵਾਦ, ਮਾਰਕਸਵਾਦ, ਰੋਮਾਂਚਵਾਦ, ਯਥਾਰਥਵਾਦ, ਪਰ-ਯਥਾਰਥਵਾਦ ਤੇ ਸੰਰਚਨਾਵਾਦ ਆਦਿ ਆਧੁਨਿਕ ਰਾਜਨੀਤਿਕ, ਦਾਰਸ਼ਨਿਕ ਤੇ ਸਾਹਿੱਤ ਜਾਂ ਕਲਾ ਨਾਲ ਸੰਬੰਧਿਤ ਸੰਕਲਪ ਬਹੁਤ ਕਰ ਕੇ ਅੰਗਰੇਜ਼ੀ ਨਾਲ ਸੰਪਰਕ ਦਾ ਸਿੱਟਾ ਹਨ। ਅੰਗਰੇਜ਼ੀ ਸਾਹਿੱਤ ਦਾ ਪੰਜਾਬੀ ਸਾਹਿੱਤ ਦੀ ਵਸਤੂ ਤੇ ਰੂਪ ਉੱਤੇ ਜੋ ਭਰਪੂਰ ਪ੍ਰਭਾਵ ਪਿਆ ਹੈ, ਉਸ ਬਾਰੇ ਪੰਜਾਬੀ ਵਿਦਵਾਨਾਂ ਵੱਲੋਂ ਕਾਫ਼ੀ ਕੁੱਝ ਲਿਖਿਆ ਜਾ ਚੁੱਕਾ ਹੈ; ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ, ਫੇਰ ਵੀ ਇਹ ਕਹਿਣਾ ਬਣਦਾ ਹੈ ਕਿ ਨਾਵਲ, ਨਿੱਕੀ ਕਹਾਣੀ, ਨਾਟਕ, ਇਕਾਂਗੀ, ਲੇਖ, ਨਿੱਕੀ ਕਵਿਤਾ ਤੇ ਸੌਨੇਟ ਦੇ ਪ੍ਰਚਲਿਤ ਰੂਪ ਅੰਗਰੇਜ਼ੀ ਤੋਂ ਅਪਣਾਏ ਗਏ ਹਨ। ਆਲੋਚਨਾ ਦੀ ਹੁਣ ਦੀ ਵਿਧੀ, ਪਿਛਲੀ ਦੇਸੀ ਮਰਯਾਦਾ ਤੋਂ, ਇਸੇ ਪ੍ਰਭਾਵ ਸਦਕਾ, ਅਸਲੋਂ ਭਿੰਨ ਹੈ। ਪੰਜਾਬੀ ਵਿੱਚੋਂ ਸ਼ਬਦ ਜਾਂ ਬਿਸ਼ਨਪਦੇ, ਕਿੱਸੇ, ਸੀਹਰਫ਼ੀ, ਬਾਰਹਮਾਹੇ, ਸਤਵਾਰੇ ਤੇ ਕਾਫ਼ੀ ਦਾ ਪਹਿਰਾ ਅੰਗਰੇਜ਼ੀ ਨੇ ਖ਼ਤਮ ਕੀਤਾ ਹੈ। ਜਨਮਸਾਖੀ, ਪਰਮਾਰਥ ਜਾਂ ਟੀਕਾ ਦੀ ਸ਼ੈਲੀ ਦਾ ਵੀ ਭੋਗ ਪਾ ਦਿੱਤਾ ਹੈ, ਕਿਉਂਕਿ ਅੰਗਰੇਜ਼ੀ ਬੋਲੀ, ਫ਼ਾਰਸੀ ਦੀ ਥਾਂ, ਸਰਕਾਰੀ ਕਾਰ-ਵਿਹਾਰ, ਉਚੇਰੀ ਸਿੱਖਿਆ ਤੇ ਮਿਆਰੀ ਪੱਤਰਕਾਰੀ ਦਾ ਮਾਧਿਅਮ ਬਣ ਗਈ ਸੀ, ਇਸ ਲਈ ਉਸ ਦੇ ਅਨੇਕ ਸ਼ਬਦ ਲੋਕਾਂ ਵਿਚ ਪ੍ਰਚਲਿਤ ਹੋ ਗਏ। ਲਿਖਤ ਨਾਲੋਂ, ਬੋਲ-ਚਾਲ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਵਧੇਰੇ ਪ੍ਰਾਪਤ ਹੈ। ਅੰਗਰੇਜ਼ੀ ਪੜ੍ਹਿਆਂ ਨੂੰ ਆਪੋ-ਵਿੱਚੀ ਬੋਲਦਿਆਂ ਸੁਣੀਏ, ਜਾਂ ਉਨ੍ਹਾਂ ਦਾ ਪੰਜਾਬੀ ਵਿਚ ਕੋਈ ਭਾਸ਼ਣ ਸੁਣ ਲਈਏ ਤਾਂ ਅੰਗਰੇਜ਼ੀ ਸ਼ਬਦਾਵਲੀ ਦੀ ਖੁੱਲ੍ਹੀ ਤੇ ਨਿਸੰਗ ਵਰਤੋਂ ਤੋਂ ਇਹ ਪ੍ਰਭਾਵ ਪੈਂਦਾ ਹੈ ਕਿ ਜੇ ਇਸ ਧੋਚ ਕੋਲੋਂ ਅੰਗਰੇਜ਼ੀ ਖੁੱਸ ਜਾਏ ਤਾਂ ਇਹ ਲੋਕ ਪ੍ਰਗਟਾਵੇ ਵਜੋਂ ਅਸਲੋਂ ਅਪਾਹਜ ਹੋ ਜਾਣਗੇ। ਲੇਖ ਦੇ ਆਕਾਰ ਵਿਚ ਵਾਧੇ ਦੇ ਡਰੋਂ ਅਸੀਂ ਇਥੇ ਪੰਜਾਬੀ ਵਿਚ ਵਰਤੀਂਦੇ ਅੰਗਰੇਜ਼ੀ ਸ਼ਬਦ-ਸਮੂਹ ਦੀ ਕੋਈ ਲੰਮੀ ਸੂਚੀ ਦੇਣ ਤੋਂ ਸੰਕੋਚ ਕਰਦੇ ਹਾਂ, ਪਰ ਜਿਸ ਕਮਰੇ ਵਿਚ ਬੈਠ ਕੇ ਇਹ ਲੇਖ ਲਿਖਿਆ ਜਾ ਰਿਹਾ ਹੈ, ਉਸ ਵਿਚ ਚੁਪਾਸੀਂ ਨਿਗਾਹ ਮਾਰਿਆਂ ਜੋ ਪ੍ਰਚਲਿਤ ਅੰਗਰੇਜ਼ੀ ਸ਼ਬਦ ਸਾਹਮਣੇ ਆਏ ਹਨ ਜਾਂ ਦੁਆਲੇ ਪਏ ਕਾਗ਼ਜ਼ਾਂ ਵਿੱਚੋਂ ਨਿਕਲੇ ਹਨ, ਉਨ੍ਹਾਂ ਦੀ ਸੂਚੀ, ਨਮੂਨੇ ਵਜੋਂ ਕੁੱਝ ਇਸ ਤਰ੍ਹਾਂ ਦੀ ਬਣਦੀ ਹੈ : ਪੈਡ, ਕਵਰ, ਫ਼ਾਈਲ, ਪੈੱਨ, ਨਿਬ, ਟਿਊਬ, ਕਲਿਪ, ਪੈਨਸਿਲ, ਰੀਫ਼ਿਲ, ਪਿਨ, ਸਲੇਟ, ਡਾਇਰੀ ਡੇਟ, ਕਲੰਡਰ (calendar), ਸਵਿੱਚ, ਕੱਰੈਂਟ, ਬਲਬ; ਲਾਈਟ, ਹੋਲਡਰ, ਔਨ, ਔਫ਼, ਟਰੰਕ, ਮਸ਼ੀਨ (machine), ਹੈਂਡਲ, ਹੈਂਗਰ, ਬੂਟ, ਰਿੰਗ, ਬਲੇਜ਼ਰ, ਟੈਰੀਲੀਨ, ਟੈਰੀਕੌਟ, ਬਲਾਊਜ਼, ਪੇਟੀ-ਕੋਟ, ਫ਼ਰਾਕ, ਕੋਟ, ਓਵਰਕੋਟ, ਬੁ-ਸ਼ਰਟ, ਕਫ਼, ਸਟਡ, ਫ਼ਿਫ਼ਟੀ, ਹੁੱਕ, ਕਾਲਰ, ਬਟਣ (button),

ਫ਼ਰੇਮ, ਐਲਬਮ, ਫੋਟੋ, ਕੈਮਰਾ, ਸ਼ਟਰ, ਲੈਨਜ਼, ਫ਼ਿਲਮ, ਪ੍ਰੈੱਸ, ਨੈਗੇਟਿਵ, ਪੌਜ਼ਿਟਿਵ, ਬਲੌਕ, ਟਾਈਪ, ਔਵ-ਸੈੱਟ, ਪੋਸਟ-ਕਾਰਡ, ਇਨਲੈਂਡ ਲੈੱਟਰ, ਰਜਿਸਟਰ, ਰਜਿਸਟਰੀ, ਟਿਕਟ, ਲਾਟਰੀ (lottery), ਰੇਡੀਓ, ਟੀ.ਵੀ., ਲਸੰਸ (licence), ਏਰੀਅਲ, ਸਟੇਸ਼ਨ, ਰੀਸੈਪਸ਼ਨ, ਇਨਵੀਟੇਸ਼ਨ-ਕਾਰਡ, ਕਾਲਜ (college), ਲੈਕਚਰਾਰ (lecturer), ਰੀਡਰ, ਪ੍ਰੋਫ਼ੈਸਰ, ਪ੍ਰਿੰਸੀਪਲ, ਸਕੂਲ, ਟੀਚਰ, ਮਾਸਟਰ, ਡਿਪਟੀ, ਇਨਸਪੈਕਟਰ, ਡਾਇਰੈਕਟਰ, ਰਜਿਸਟ੍ਰਾਰ, ਵਾਈਸ-ਚਾਂਸਲਰ, ਇੰਚ, ਫ਼ੁਟ, ਰੂਲ (rule), ਕਪ, ਟੀ-ਸੈੱਟ, ਟ੍ਰੇ, ਪੌਟ, ਟੀ-ਕੋਜ਼ੀ, ਬੋਤਲ (bottle), ਸੋਫ਼ਾ, ਰੰਗ, ਲਿੰਟਲ, ਕਾਨਸ (cornice), ਸੀਮੈਂਟ, ਪਲਸਤਰ (plaster), ਆਦਿ। ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਪੰਜਾਬੀਆਂ ਨੇ, ਅੰਗਰੇਜ਼ੀ ਬੋਲਣ ਵਾਲਿਆਂ ਦੇ ਬੁੱਲ੍ਹਾਂ ਤੋਂ ਸ਼ਬਦ ਬੋਚ ਕੇ, ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੀਆਂ ਬੋਲ-ਆਦਤਾਂ ਅਨੁਸਾਰ ਬੜੀਆਂ ਸੁਆਦਲੀਆਂ ਮਰੋੜੀਆਂ ਦਿੱਤੀਆਂ ਹਨ। ਕੌਣ ਕਹਿ ਸਕਦਾ ਹੈ ਕਿ 'ਸੰਡਾ' (ਐਤਵਾਰ) ਲਾ ਕੇ 'ਬੈਫ਼' (ਵਹੁਟੀ) ਲਈ 'ਡਾਲੇ' (ਡਾਲਰ) ਲਿਆਉਣ ਵਾਲਾ ਪੰਜਾਬੀ, ਅੰਗਰੇਜ਼ੀ ਨੂੰ ਪੰਜਾਬੀ ਆਉਣ ਵੇਲੇ, ਪੰਜਾਬੀ ਧੁਨੀ-ਪ੍ਰਕਿਰਿਆ ਦੇ ਸੁਭਾ ਤੇ ਵਿਹਾਰ ਤੋਂ ਅਵਾਣ ਹੁੰਦਾ ਹੈ ? ਪਿੱਛੇ ਜਹੇ ਇਕ ਵਲੈਤੋਂ ਆਏ ਮਿੱਤਰ ਨੇ ਇੰਗਲੈਂਡ ਵਿਚ ਵੱਸਦੀ ਇਕ ਪੰਜਾਬਣ ਦੀ ਨਕਲ ਇਉਂ ਲਾਹੀ: "ਲਾਝਰਾਂ (lodgers) ਵਿਚਾਰਿਆਂ ਦੇ ਪ੍ਰਾਹੁਣਿਆਂ ਨੂੰ ਤਾਂ ਇਹ ਔਂਤਰੀਆਂ ਗਬਨੀਆਂ (governesses) ਸੂਈ ਹੋਈ ਕੁੱਤੀ ਵਾਂਗ ਪੈਂਦੀ ਐਂ। ਅਖੇ, ਡੀਨਾਂ (dinner) ਵੇਲੇ ਓਪਰੇ ਬੰਦੇ ਆਏ ਸਨ ਤਾਂ ਕਾਟਣੇ (curtains) ਕਾਹਤੋਂ ਬੰਦ ਨੀਂ ਕੀਤੇ ? ਆਪ ਛਨਾਲਾਂ ਰੋਜ਼ ਨਵੇਂ ਤੇ ਨਵੇਂ ਬੋਏ (boy) ਅੰਦਰ ਵਾੜੀ ਰੱਖਦੀ ਐਂ ਤੇ ਲਾਝਰਾਂ ਦੇ ਸਕੀਰੀ ਆਲੇ ਆ ਜਾਣ ਤਾਂ ਵੀ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਐ!" 1947 ਤੋਂ ਪਹਿਲਾਂ ਲਾਹੌਰ ਦੇ ਕਾਲਜਾਂ ਦੀਆਂ ਕੁੜੀਆਂ ਵਿਚ ਇਕ ਸ਼ਬਦ 'ਸ਼ਿੱਪੀ' ਪ੍ਰਚਲਿਤ ਸੀ, ਜਿਸ ਦੀ ਮਦਦ ਨਾਲ ਉਹ ਓਪਰੇ ਜਾਂ ਸੱਕੇ ਬੰਦਿਆਂ ਵਿਚ ਬੈਠ ਕੇ ਵੀ ਆਪਣਾ ਭੇਤ ਦੱਸੇ ਬਿਨਾਂ, ਆਪੋ-ਵਿੱਚੀ, ਗੁਪਤ ਗੱਲ ਕਰ ਲੈਂਦੀਆਂ ਸਨ। 'ਸ਼ਿੱਪੀ' ਦਾ ਕੀ ਟਾਈਮ ਹੈ ? ਕੋਈ ਕੁੜੀ ਪੁੱਛਦੀ; ਦੂਜੀ, ਘਰ-ਦਿਆਂ ਕੋਲ ਬੈਠੀ, ਅਮਾਨਤੀ ਜਹੇ, ਸਮਾਂ ਦੱਸ ਦੇਂਦੀ। ਕਾਫ਼ੀ ਜ਼ੋਰ ਲਾਉਣ ਪਿੱਛੋਂ ਪਤਾ ਲੱਗਾ ਕਿ 'ਸ਼ਿੱਪੀ' ਸ਼ਬਦ 'ਫ਼ਰੈਂਡਸ਼ਿਪ' ਦਾ ਸੰਖਿਪਤ ਹੈ ਤੇ ਇਸ ਤਰ੍ਹਾਂ ਦੇ ਵਾਕ ਵਿਚ ਵਰਤਿਆ, ਕਿਸੇ ਮੁੰਡੇ ਨਾਲ ਸੈਲ-ਸਪਾਟੇ ਜਾਂ ਫ਼ਿਲਮ ਲਈ ਨਿਸਚਿਤ ਕੀਤੇ ਵਕਤ ਦਾ ਸੂਚਕ ਹੁੰਦਾ ਹੈ। ਉਨ੍ਹਾਂ ਦਿਨਾਂ ਵਿਚ, ਅੰਗਰੇਜ਼ੀ ਦੇ ਪਰਦੇ ਨੇ, ਪਤਾ ਨਹੀਂ ਕਿੰਨੀਆਂ ਨੌਜਵਾਨ ਲਾਹੌਰਨਾਂ ਦੀ ਲੋਕ-ਲਾਜ ਰੱਖੀ ਹੋਵੇਗੀ!

ਅੰਗਰੇਜ਼ੀ ਕਰ ਕੇ ਇਕ ਫ਼ੈਸ਼ਨ ਇਹ ਚੱਲ ਪਿਆ ਕਿ ਮਹਿਕਮਿਆਂ, ਕੰਪਨੀਆਂ, ਸਭਾਵਾਂ ਤੇ ਬੰਦਿਆਂ ਆਦਿ ਦੇ ਸੰਖਿਪਤ ਨਾਂ, ਭਾਵੇਂ ਉਹ ਅੰਗਰੇਜ਼ੀ ਵਿਚ ਨਾ ਹੀ ਹੋਣ, ਅੰਗਰੇਜ਼ੀ ਅੱਖਰਾਂ ਦੀਆਂ ਧੁਨੀਆਂ ਰਾਹੀਂ ਪ੍ਰਗਟਾਏ ਜਾਣੇ ਸ਼ੁਰੂ ਹੋਏ, ਜਿਵੇਂ ਐੱਸ.ਜੀ.ਪੀ.ਸੀ. (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਆਈ.ਸੀ. ਨੰਦਾ (ਈਸ਼ਵਰ ਚੰਦਰ ਨੰਦਾ), ਕੇ.ਐੱਸ. ਦੁੱਗਲ (ਕਰਤਾਰ ਸਿੰਘ ਦੁੱਗਲ), ਆਦਿ। ਜਿਵੇਂ ਫ਼ਾਰਸੀ

ਦੇ ਰਸੂਖ਼ ਵੇਲੇ ਹੋਇਆ ਸੀ, ਅੰਗਰੇਜ਼ੀ ਦੇ ਰਸੂਖ਼ ਕਰ ਕੇ, ਸ਼ਬਦਾਂ ਤੋਂ ਇਲਾਵਾ, ਵਾਕ ਤੇ ਮੁਹਾਵਰੇ, ਆਦਿ ਵੀ ਅੰਗਰੇਜ਼ੀ ਨਮੂਨਿਆਂ ਉੱਤੇ ਬਣਨ ਲੱਗ ਪਏ। ਅੰਗਰੇਜ਼ੀ ਤੋਂ ਪਹਿਲਾਂ ਤੇ ਪਿੱਛੋਂ ਦੀਆਂ ਗੱਦ-ਸ਼ੈਲੀਆਂ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਪੈ ਗਿਆ ਦਿੱਸਦਾ ਹੈ। ਬਿਸਰਾਮ ਚਿੰਨ੍ਹਾਂ ਵਿੱਚੋਂ, ਗੁਰਮੁਖੀ ਤੇ ਦੇਵਨਾਗਰੀ ਲਿਖਤ ਵਿਚ ਕੇਵਲ ਦੋ-ਡੰਡੀਏ ਪੂਰਣ ਬਿਸਰਾਮ ਦੀ ਵਰਤੋਂ ਹੁੰਦੀ ਸੀ ਤਾਂ ਕਿਤੇ ਕਿਤੇ ਇਕ ਡੰਡੀਏ ਅਰਧ-ਬਿਸਰਾਮ ਦੀ। ਇਨ੍ਹਾਂ ਨੂੰ ਛੱਡ ਕੇ ਬਾਕੀ ਸਾਰੀ ਲਿਖਤ ਨਿਰੰਤਰ ਜਾਂ ਅਛੇਦ ਹੀ ਹੁੰਦੀ ਸੀ। ਹੁਣ ਅਸੀਂ ਪੂਰਨ ਬਿਸਰਾਮ ਲਈ ਇਕ ਡੰਡੀ ਵਰਤਦੇ ਹਾਂ, ਬਾਕੀ ਸਾਰੇ ਚਿੰਨ੍ਹ ਅੰਗਰੇਜ਼ੀ ਵਾਲੇ ਹੀ ਧਾਰਨ ਕਰ ਲਏ ਗਏ ਹਨ। ਅਗਲਾ ਸੁਧਾਰ ਸ਼ਾਇਦ ਇਹ ਹੋਵੇ ਕਿ ਗੁਰਮੁਖੀ ਵਿਚ ਵੀ, ਡੰਡੀ ਦੀ ਥਾਂ ਬਿੰਦੀ (full stop) ਲੈ ਲਵੇ। ਲੇਖਕ ਅਨੁਸਾਰ ਇਹ ਤਬਦੀਲੀ, ਜਿਵੇਂ ਕਿ ਕਈ ਭਾਰਤੀ ਭਾਸ਼ਾਵਾਂ ਵਿਚ ਅੱਗੇ ਹੀ ਵਾਪਰ ਚੁੱਕੀ ਹੈ, ਪੰਜਾਬੀ ਨੂੰ ਵੀ ਛੇਤੀ ਅਪਣਾ ਲੈਣੀ ਚਾਹੀਦੀ ਹੈ। ਪਦ-ਛੇਦ ਵਾਲੀ ਲਿਖਤ ਦਾ ਰਿਵਾਜ, ਸਮੇਤ ਗੁਰੂ ਗ੍ਰੰਥ ਸਾਹਿਬ ਦੇ, ਪਰਵਾਨ ਹੋ ਚੁੱਕਾ ਹੈ। ਲਿਖਤ ਨੂੰ ਪੈਰੇ-ਵਾਰ ਉਸਾਰਨਾ, ਸਾਧਾਰਣ ਨਿਯਮ ਬਣ ਗਿਆ ਹੈ। ਵੀਹਵੀਂ ਸਦੀ ਦੇ ਭਾਰਤੀ ਜਾਂ ਪਾਕਿਸਤਾਨੀ ਪੰਜਾਬ ਦਾ ਸ਼ਾਇਦ ਹੀ ਕੋਈ ਸਾਹਿੱਤਕਾਰ ਹੋਵੇਗਾ, ਜਿਸ ਦੀ ਬੋਲੀ, ਸ਼ੈਲੀ, ਵਿਧੀ ਤੇ ਵਸਤੂ ਉੱਤੇ ਅੰਗਰੇਜ਼ੀ ਰਾਹੀਂ ਪਿਆ ਆਧੁਨਿਕਤਾ ਦਾ ਸਚੇਤ ਜਾਂ ਅਚੇਤ ਪ੍ਰਭਾਵ ਖੋਜਿਆ ਨਹੀਂ ਜਾ ਸਕਦਾ।

ਅੰਗਰੇਜ਼ੀ ਪ੍ਰਭਾਵ ਨਾਲ ਪੰਜਾਬ ਵਿਚ ਕਿਤੇ ਕਿਤੇ ਈਸਾਈ ਧਰਮ ਨੇ ਵੀ ਜੜ੍ਹ ਫੜੀ। 20ਵੀਂ ਸਦੀ ਦੇ ਆਰੰਭ ਤੋਂ ਕੁੱਝ ਸਾਲ ਪਹਿਲਾਂ ਹਾਕਮ ਸਿੰਘ ਨਾਂ ਦੇ ਬੰਦੇ ਨੇ ਆਪਣੇ ਆਪ ਨੂੰ ਈਸਾ ਦਾ ਅਵਤਾਰ ਦੱਸਿਆ,[6] ਚੇਤ ਰਾਮ (ਮ੍ਰਿਤੂ 1894) ਨੇ, ਜਿਸ ਦਾ ਦਾਅਵਾ ਸੀ ਕਿ ਉਸ ਨੂੰ ਹਜ਼ਰਤ ਈਸਾ ਨੇ ਸੁਫ਼ਨੇ ਵਿਚ ਦਰਸ਼ਨ ਦਿੱਤੇ ਹਨ, 'ਚੇਤ ਰਾਮੀ' ਫ਼ਿਰਕੇ ਦਾ ਮੁੱਢ ਬੰਨ੍ਹਿਆ।[7] ਸਾਧੂ ਸੁੰਦਰ ਸਿੰਘ, ਰਾਜਾ ਸਰ ਹਰਨਾਮ ਸਿੰਘ, ਰਾਜਕੁਮਾਰੀ ਅੰਮ੍ਰਿਤ ਕੌਰ, ਜਸਟਿਸ ਦਲੀਪ ਸਿੰਘ, ਰਾਮ ਚੰਦ੍ਰ (ਆਈ.ਸੀ.ਐੱਸ.), ਐੱਸ.ਪੀ. ਸਿੰਘਾ, ਰੁਲੀਆ ਰਾਮ, ਜੋਸ਼ੂਆ, ਫ਼ਜਲਦੀਨ, ਜਾਣੇ-ਪਛਾਣੇ ਪੰਜਾਬੀ ਈਸਾਈਆਂ ਦੇ ਕੁੱਝ ਨਾਂ ਹਨ। 19ਵੀਂ ਸਦੀ ਦੇ ਸੱਤਵੇਂ ਤੇ ਅੱਠਵੇਂ ਦਹਾਕੇ ਵਿਚ ਜਦੋਂ ਪੰਜਾਬ ਦੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੇ, ਧਰਮ-ਸੁਰੱਖਿਆ ਦੇ ਨਾਅਰੇ ਹੇਠ, ਆਪੋ-ਆਪਣੀਆਂ ਸਭਾਵਾਂ ਬਣਾ ਬਣਾ ਕੇ ਸੰਗਠਿਤ ਹੋਣਾ ਸ਼ੁਰੂ ਕੀਤਾ ਤਾਂ ਈਸਾਈ ਮਿਸ਼ਨਰੀਆਂ ਦੀ ਧਰਮ-ਪ੍ਰਚਾਰ ਵਿਚ ਹੋ ਰਹੀ ਸਫਲਤਾ, ਇਸ ਦੀ ਉਤੇਜਕ ਪਿਛੋਕੜ ਵਿਚ ਸੀ। ਅੰਗਰੇਜ਼ ਫ਼ੌਜੀ ਤੇ ਗ਼ੈਰ-ਫ਼ੌਜੀ ਅਫ਼ਸਰਾਂ ਅਤੇ ਪਾਦਰੀਆਂ ਨੇ ਪੰਜਾਬ ਦੇ ਸਾਹਿੱਤ, ਵਿਆਕਰਣ, ਸ਼ਬਦ-ਕੋਸ਼, ਧੁਨੀ-ਗਿਆਨ, ਲਿਪੀ, ਧਰਮ, ਵਹਿਮ-ਭਰਮ, ਇਤਿਹਾਸ, ਭੂਗੋਲ, ਪੁਰਾਤਤ੍ਵ, ਰਿਵਾਜੀ ਕਾਨੂੰਨ, ਅਰਥਚਾਰੇ, ਭਾਈਚਾਰੇ, ਗੋਤਾਂ-ਜਾਤਾਂ, ਸ਼ਿਲਪ, ਭਵਨ-ਨਿਰਮਾਣ, ਚਿਤਰ-ਕਲਾ, ਵਪਾਰ ਤੇ ਟਕਸਾਲ, ਆਦਿ ਅਨੇਕ ਵਿਸ਼ਿਆਂ ਉੱਤੇ ਖੋਜਾਂ ਕੀਤੀਆਂ ਤੇ ਛਾਪੀਆਂ

6. *ਉਕਤ*, ਸਫ਼ਾ 112.
7. *ਉਕਤ*, ਸਫ਼ਾ 114.

ਅਤੇ ਪਾਣੀ, ਧਰਤੀ, ਫ਼ਸਲਾਂ, ਖਣਿਜ ਪਦਾਰਥਾਂ, ਪੇਂਡੂ ਕਰਜ਼ਿਆਂ ਤੇ ਹੋਰ ਅਨੇਕਾਂ ਵਿਸ਼ਿਆਂ ਬਾਰੇ ਸਰਵੇਖਣ ਤਿਆਰ ਕੀਤੇ, ਜਿਨ੍ਹਾਂ ਕਰਕੇ ਪੰਜਾਬ ਦੇ ਬਾਕਾਇਦਾ ਭੌਤਿਕ ਵਿਕਾਸ ਵੱਲ ਕਦਮ ਪੁਟੀਜਣੇ ਸੌਖੇ ਹੋ ਗਏ।[8] ਸੈਟਲਮੈਂਟ ਰਪੋਟਾਂ, ਗੈਜ਼ਿਟੀਅਰ ਤੇ ਮਰਦੁਮ-ਸ਼ੁਮਾਰੀ ਦੀਆਂ ਰਪੋਟਾਂ ਅਜੇ ਵੀ ਪੰਜਾਬ ਬਾਰੇ ਬਹੁ-ਪੱਖੀ ਸੂਚਨਾ ਦੇ ਖ਼ਜ਼ਾਨੇ ਹਨ।

---

8. ਬੁਹਲ ਵਿੱਚੋਂ ਦਾਣੇ ਵਜੋਂ ਕੁੱਝ ਮੁੱਢਲੇ ਜਤਨਾਂ ਦੀ ਸੂਚੀ ਅੱਗੇ ਦਿੱਤੀ ਜਾਂਦੀ ਹੈ:

(ੳ) ਵਿਆਕਰਣ ਤੇ ਭਾਸ਼ਾ-ਵਿਗਿਆਨ :

1. Carey, William, *A Grammar of the Panjabee Language*, (1812).
2. Leech, Lieut, R., *A Grammar of the Panjabee Language*, (1839).
3. Newton, Rev. John, *A Grammar of the Panjabee Language*, (1851).
4. Newton, Rev. E.P., *Punjabi Grammar with Excercises and Vocabulary*, (1898).
5. Bailey, Rev. T. Grahame, *A Brief Grammar of Punjabi as Spoken in the Wazirabad Distt.*, (1904).
6. Grierson, Sir George, *The Linguistic Survey of India*, Vols. VIII and IX, (1916).

(ਅ) ਸ਼ਬਦ-ਕੋਸ਼ :

1. Starkey, Capt. Cross Samuel, assisted by Bassawa Sing Jemadar, *A Dictionary – English and Punjabee*, Outlines of Grammar, Calcutta, (1849).
2. Newton, Rev. John (with others), *A Dictionary of the Punjabi Language*, Lodiana, (1854).
3. Wilson, J., *A Grammar and Glossary of the Dialects as Spoken in Shahpur and Kangra Districts*, (1869).
4. Jukes, A., *Dictionary of the Jatki or Western Panjabi Language*, (1900).
5. O'Brien, E., *Glossary of the Multani Langauge*, Punjabi Govt. Press, Lahore, (1903).
6. Hares, Rev. W.P. Canon, *An English-Punjabi Dictionary*, (1929).

(ੲ) ਮੁਹਾਵਰਾ/ਅਖਾਣ-ਕੋਸ਼ :

1. Janvier, Rev. L., *Idiomatic Sentences in English and Punjabi*, (1846).
2. Machounachie, R., *Selected Agricultural Proverbs of the Punjab*, (1890).
3. Usborne, C.F., *Punjabi Lyrics and Proverbs*, Translated into Verse and Prose, (1905).
4. Hares, Rev. W.P. Canon, *A Collection of Punjabi Proverbs and Idiomatic Sentences in Roman Punjabi*, (1940).

(ਸ) ਸਿੱਖ ਧਰਮ ਤੇ ਇਤਿਹਾਸ ਆਦਿ :

1. Browne, Lt. Col. James, India Tracts : *An History of the Origin and Progress of the Sicks*, (1788).
2. Malcolm, Sir John, *A Sketch of the Sikhs*, John Murray, London, (1812).

ਅੰਗਰੇਜ਼ੀ ਜਾਂ ਯੂਰਪੀ ਪ੍ਰਭਾਵ ਦੇ ਕੁੱਝ ਹੋਰ ਪੱਖ ਵੀ ਹਨ, ਜਿਵੇਂ ਮਾਲਵੇ ਦੀ ਫੁਲਕਾਰੀ, ਪੋਠੋਹਾਰ ਦੇ ਬਾਗ਼, ਚੰਬੇ ਦੇ ਰੁਮਾਲ, ਕੁਲਾਚੀ ਦੀ ਕਾਠ-ਕਲਾ ਤੇ ਮੁਲਤਾਨ-ਬਹਾਵਲਪੁਰ ਦੀ ਕੁਮ੍ਹਿਆਰ-ਕਲਾ ਦਾ ਹੌਲੀ ਹੌਲੀ ਪਤਨ ਹੋਣ ਲੱਗ ਪਿਆ। ਦਸਤੀ ਉਪਜ ਵਾਲੀ ਕਲਾਮਈ ਵੰਨ-ਸਵੰਨਤਾ ਦੀ ਥਾਂ ਥੋਕ ਮਸ਼ੀਨੀ ਪੈਦਾਵਾਰ ਨੇ ਲੈਣੀ ਸ਼ੁਰੂ ਕਰ ਦਿੱਤੀ। ਖਾਣ-ਪੀਣ ਦੇ ਸਮਿਆਂ (ਵਿਸ਼ੇਸ਼ ਕਰਕੇ ਸ਼ਹਿਰਾਂ ਵਿਚ) ਤੇ ਪਹਿਨਣ ਵਾਲੇ ਕਪੜਿਆਂ ਤੋਂ ਲੈ ਕੇ, ਮੀਟਿੰਗਾਂ ਕਰਨ ਦੀ ਵਿਧੀ ਤਕ, ਇਕਸਾਰਤਾ ਆਉਣ ਲੱਗ ਪਈ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ

---

3. Prinsep, Henry T., *Origin of the Sikh Power in the Punjab and Political Life of Maharaja Ranjit Singh*, Military Orphan Press, (1834).
4. M'Gregor, W.L., *The History of the Sikhs*, (1846), 2 Vols.
5. Cunningham, J.D., *A History of the Sikhs*, John Murray, London, (1849).
6. Trumpp, Ernest, *The Adi Granth*, Allen and Co., London, (1877). (ਡਾ. ਟਰੰਪ ਜਰਮਨ ਸੀ)
7. Cunningham, Sir Alexander, *Report of a Tour in the Punjab in 1878-1879*, Archaeological Survey of India Reports, Old Services, Vol. 14, Calcutta, (1882).
8. Macauliffe, M.A., *The Sikh Religion*, Six Vols., (1909).

(ਹ) ਲੋਕ-ਕਥਾਵਾਂ ਆਦਿ :

1. Temple, Sir Richard and Steele, Mrs F.A., *Wide Awake Stories*, (1884).
2. Temple, Sir Richard, *Legends of the Punjab*, 3 Vols., Trubner and Co., London, (1884, 1900, 1901).
3. Swynnerton, R.C., *The Adventures of the Punjab Hero Raja Rasalu and Other Folk-Tales of the Punjab*, W. Newmen, Calcutta, (1884).
4. *Romantic Tales from the Punjab*, (1903).
5. Crooke, W., *The Popular Religion and Fold-Lore of Northern India*, 2 Vols., Archibald Constable and Co., Westminster, (1986).
6. Usborne, C.F., *Punjabi Lyrics and Proverbs*, (1905).

(ਕ) ਪੁਰਾਤਤ੍ਵ :

1. Cunningham, Sir Alexander, *Report of a Tour in the Punjab in 1878-1879*, Archaeological Survey of India, Vol. XIV and XXII, (1970).
2. Rodgers, Charles, J., *Revised List of the Objects of Archaeological Interest in the Punjab*, Lahore, no date.
3. *Golden Temple at Amritsar*, (1884).

(ਖ) ਰਪੋਟਾਂ :

1. Leech, R., *Report on the Commerce of Multan*, Inkian Govt., Papers, Sec. III, pp. 79-88.
2. *Minutes on Infanticide in the Punjab*, (1852).
3. Breton, H., *Report on the Thuggee in the Punjab*, (1857).
4. Report on the Census of the Punjab of 1881, Lahore, (1882).

ਆਰਟਸ ਤੇ ਸਾਇੰਸ ਦੇ ਅੰਸ਼ਿਕ ਖੇਤਰਾਂ, ਜਿਵੇਂ ਅਰਥ-ਸ਼ਾਸਤਰ, ਰਾਜਨੀਤੀ ਸ਼ਾਸਤਰ, ਮਨੋਵਿਗਿਆਨ, ਮਾਨਵ-ਵਿਗਿਆਨ, ਮਾਈਕ੍ਰੋ ਜੀਵ-ਵਿਗਿਆਨ, ਆਦਿ ਦਾ ਬਾਕਾਇਦਾ, ਸੁਤੰਤਰ ਤੇ ਵਿਸ਼ੇਸ਼ ਅਧਿਐਨ ਹੋਣ ਲੱਗ ਪਿਆ। ਇਸ ਅਧਿਐਨ ਨੇ ਜਿੱਥੇ ਹਰ ਖੇਤਰ ਦੇ ਨਿਸਚਿਤ ਤੇ ਵਿਧੀ-ਬੱਧ ਗਿਆਨ ਵਿਚ ਵਾਧਾ ਕੀਤਾ, ਓਥੇ ਅਧਿਆਪਕਾਂ ਤੇ ਵਿਸ਼ੇਸ਼ੱਗਾਂ ਦੀ ਇਕ ਅਜਿਹੀ ਸ਼੍ਰੇਣੀ ਵੀ ਉਪਜਾ ਦਿੱਤੀ ਹੈ, ਜਿਸ ਵਿਚ ਗਿਆਨ ਦੇ ਕਿਸੇ ਅਲਪ ਭਾਗ ਦੀ ਵਿਸ਼ੇਸ਼ੱਗਤਾ ਨੂੰ ਸਮੁੱਚੇ ਜੀਵਨ ਦੇ ਅਨੁਭਵ ਦਾ ਬਦਲ ਸਮਝ ਲੈਣ ਦਾ ਭੁਲੇਖਾ ਆਮ ਹੈ। ਉੱਪਰਲੀਆਂ ਸ਼੍ਰੇਣੀਆਂ ਤੇ ਨੌਕਰਸ਼ਾਹੀ ਦੀ ਜਿਸ ਰਾਜ-ਭਗਤੀ ਨੇ ਕਦੀ ਤੁਰਕ, ਪਠਾਣ ਜਾਂ ਮੁਗ਼ਲ ਪ੍ਰਸਤੀ ਅਤੇ ਫ਼ਾਰਸੀ-ਪ੍ਰਸਤੀ ਦੀ ਸ਼ਕਲ ਧਾਰੀ ਸੀ, ਉਸ ਨੇ ਅੰਗਰੇਜ਼ੀ ਕਾਲ ਵਿਚ ਅੰਗਰੇਜ਼ ਤੇ ਅੰਗਰੇਜ਼ੀ-ਪ੍ਰਸਤੀ ਦਾ ਰੂਪ ਧਾਰ ਲਿਆ। ਮਜ਼ੇ ਦੀ ਗੱਲ ਇਹ ਹੈ ਕਿ ਆਜ਼ਾਦੀ ਮਿਲਣ ਤੋਂ ਪਿੱਛੋਂ, ਅੰਗਰੇਜ਼ੀ-ਪ੍ਰਸਤੀ ਪਿਛਲੇ ਸਾਰੇ ਹੱਦਾਂ-ਬੰਨੇ ਟੱਪ ਗਈ ਹੈ। ਅੰਗਰੇਜ਼ੀ ਨੂੰ ਸਮਾਜਿਕ ਠੁੱਕ ਤੇ ਵਕਾਰ ਦਾ ਚਿੰਨ੍ਹ ਮੰਨਿਆ ਜਾਣ ਲੱਗ ਪਿਆ ਹੈ। ਉੱਪਰਲੀ ਮੱਧ-ਸ਼੍ਰੇਣੀ ਦੇ ਪੰਜਾਬੀਆਂ ਦੀ ਬਹੁ-ਗਿਣਤੀ ਆਪਣੇ ਘਰ ਦੇ ਅੰਦਰ ਵਾਂਗ, ਆਪਣੇ ਬੱਚਿਆਂ ਨਾਲ, ਹਰ ਵੇਲੇ, ਕੇਵਲ ਅੰਗਰੇਜ਼ੀ ਵਿਚ ਗੱਲ-ਬਾਤ ਕਰਨੀ ਪਸੰਦ ਕਰਦੀ ਹੈ ਤਾਂ ਜੋ ਬਦੇਸੀ ਬੋਲੀ ਵਿਚ ਉਨ੍ਹਾਂ ਦੀ ਬੋਲ-ਚਾਲ ਰਵਾਂ ਹੋ ਜਾਵੇ; ਆਪਣੇ ਮਾਂ- ਬਾਪ, ਭੈਣਾਂ-ਭਰਾਵਾਂ ਤੇ ਹੋਰ ਭਾਈਚਾਰੇ ਨਾਲ ਸਾਰਾ ਪੱਤਰ-ਵਿਹਾਰ ਅੰਗਰੇਜ਼ੀ ਵਿਚ ਕਰਦੀ ਹੈ; ਹੋਰ ਤਾਂ ਹੋਰ, ਪ੍ਰੇਮੀ ਤੇ ਪ੍ਰੇਮਿਕਾ, ਪਤੀ ਤੇ ਪਤਨੀ, ਇਕ ਦੂਜੇ ਨੂੰ ਪ੍ਰੇਮ- ਪੱਤਰ ਵੀ ਅੰਗਰੇਜ਼ੀ ਵਿਚ ਹੀ ਲਿਖਦੇ ਹਨ! ਪੰਜਾਬੀ-ਭਾਸ਼ੀ ਇਲਾਕੇ ਵਿਚ ਐਸੇ ਸਕੂਲ ਮੌਜੂਦ ਹਨ, ਜਿਨ੍ਹਾਂ ਵਿਚ ਉਡੀਕ ਕੇ, ਵੱਡੀਆਂ ਸਿਫ਼ਾਰਸ਼ਾਂ ਨਾਲ, ਬੁੱਕਾਂ ਦੇ ਬੁੱਕ ਰਕਮਾਂ ਤਾਰ ਕੇ ਦਾਖ਼ਲਾ ਮਿਲਦਾ ਹੈ, ਪਰ ਜਿਨ੍ਹਾਂ ਵਿਚ ਭੁਲੇਖੇ ਨਾਲ ਵੀ ਕੋਈ ਗੱਲ ਪੰਜਾਬੀ ਵਿਚ ਕਰਨ ਵਾਲੇ ਬੱਚੇ ਨੂੰ ਜੁਰਮਾਨਾ ਭਰਨਾ ਪੈਂਦਾ ਹੈ! ਵਲੈਤ ਦੀ ਡਿਗਰੀ ਦੀ ਖਿੱਚ, ਅਜੇ ਵੀ ਹੋਰ ਦਸੌਰੀ ਮਾਲ ਦੀ ਖਿੱਚ ਵਾਂਗ, ਬੜੀ ਜ਼ੋਰਦਾਰ ਹੈ।

ਭਿੰਨ ਭਿੰਨ ਪ੍ਰਭਾਵਾਂ ਨੂੰ ਚੂਸ ਲੈਣ ਵਾਲੀ ਪੰਜਾਬ ਦੀ ਇਕਾਗਰ ਸ਼ਖ਼ਸੀਅਤ

ਜੇ ਬਹੁਤੇ ਵਿਸਤਾਰ ਵਿਚ ਜਾਣਾ ਹੋਵੇ ਤਾਂ ਚੀਨ, ਮੰਗੋਲੀਆ, ਰੂਸ, ਅਫ਼ਗ਼ਾਨਿਸਤਾਨ, ਈਰਾਨ, ਸ਼ਾਮ, ਅਰਬ, ਮਿਸਰ, ਤੁਰਕੀ, ਯੂਨਾਨ, ਇਟਲੀ, ਪੁਰਤਗਾਲ, ਫ਼ਰਾਂਸ, ਜਰਮਨੀ, ਇੰਗਲਿਸਤਾਨ ਤੇ ਅਮਰੀਕਾ, ਆਦਿ ਦੇਸਾਂ ਦਾ ਕੋਈ ਨਾ ਕੋਈ ਪ੍ਰਭਾਵ, ਪੰਜਾਬ ਦੀ ਪੁਰਾਣੀ ਤੇ ਨਵੀਂ ਰਹਿਤ-ਬਹਿਤ, ਭਾਸ਼ਾ ਸਾਹਿੱਤ, ਵਿਚਾਰ-ਤੇ-ਵਿਸ਼ਵਾਸ-ਪ੍ਰਬੰਧ, ਮਕਾਨ-ਉਸਾਰੀ ਤੇ ਫੁੱਲਾਂ-ਬੂਟਿਆਂ, ਸਬਜ਼ੀਆਂ ਵਿੱਚੋਂ ਜਾਂ ਰਸੋਈਆਂ, ਬੈਠਕਾਂ ਤੇ ਗਲੀਆਂ-ਬਜ਼ਾਰਾਂ ਵਿੱਚੋਂ ਲੱਭਿਆ ਤੇ ਨਿਖੇੜਿਆ ਜਾ ਸਕਦਾ ਹੈ। ਇਹੀ ਨਹੀਂ, ਪੰਜਾਬੀ ਜੀਵਨ ਦੇ ਰੰਗ-ਬਰੰਗੇ ਤਾਣੇ-ਪੇਟੇ ਵਿੱਚੋਂ, ਆਪਣੇ ਦੇਸ ਦੇ ਅੱਡ ਅੱਡ ਪ੍ਰਾਂਤਾਂ ਦੀਆਂ ਤੰਦਾਂ ਉੱਤੇ ਵੀ ਉਂਗਲ ਰੱਖੀ ਜਾ ਸਕਦੀ ਹੈ। ਪਰ ਨਿਰੋਲ ਬਾਹਰਲੇ ਪ੍ਰਭਾਵਾਂ ਦੀ ਕਥਾ ਪੜ੍ਹ ਪੜ੍ਹ ਕੇ ਕਈ ਪਾਠਕ, ਵਿਸ਼ੇਸ਼ ਕਰਕੇ ਗ਼ੈਰ-ਪੰਜਾਬੀ, ਨਿਸਚੇ ਹੀ ਇਸ ਚੱਕਰ ਵਿਚ ਪੈ ਸਕਦਾ ਹੈ ਕਿ ਜਿਨ੍ਹਾਂ ਲੋਕਾਂ ਦੇ ਚੱਜ-ਆਚਾਰ, ਸੋਚ-ਵਿਚਾਰ ਤੇ ਰਹਿਣ-ਸਹਿਣ ਉੱਤੇ ਏਨੇ ਜ਼ਿਆਦਾ ਤੇ ਡੂੰਘੇ ਬਾਹਰਲੇ ਪ੍ਰਭਾਵ ਪਏ ਹੋਏ ਹੋਣ, ਕੀ ਉਨ੍ਹਾਂ ਦਾ ਕੋਈ ਆਪਣਾ ਠੇਠ ਤੇ ਨਿੱਖੜਵਾਂ ਵਿਅਕਤਿਤ੍ਵ ਹੋ ਵੀ ਸਕਦਾ ਹੈ ? ਨਿੱਕੀਆਂ-ਵੱਡੀਆਂ, ਨਵੀਆਂ-ਪੁਰਾਣੀਆਂ ਤੇ ਰੰਗ-ਬਰੰਗੀਆਂ ਵੱਖੋ-ਵੱਖਰੀਆਂ ਲੀਰਾਂ ਤੋਂ ਗੋਦੜੀ ਤਾਂ ਭਾਵੇਂ ਬਣ ਜਾਵੇ, ਕੋਈ ਸੂਤ੍ਰੰਤਰ, ਸੰਗਠਿਤ ਬੁਣਤ ਤਿਆਰ ਨਹੀਂ ਹੋ ਸਕਦੀ ! ਪਰ ਪੰਜਾਬੀ-ਬੋਲਦੇ ਲੋਕਾਂ ਦੇ ਇਸ ਸਦੀਵੀ ਦੁਖਾਂਤ ਦੇ ਬਾਵਜੂਦ ਕਿ ਉਹ ਬੋਲੀ ਦੇ ਆਧਾਰ ਉੱਤੇ ਸਾਂਝੀ ਕੌਮੀਅਤ ਦੀ ਕੋਈ ਮਜ਼ਬੂਤ ਭਾਵਨਾ ਪੈਦਾ ਨਹੀਂ ਕਰ ਸਕੇ, ਅਤੇ ਜਿਸ ਦੁਖਾਂਤ ਦੇ ਕਾਰਨ ਬਹੁਤ ਸਾਰੀ ਵੱਸੋਂ ਨੂੰ, ਵਿਸ਼ੇਸ਼ ਕਰਕੇ ਸ਼ਹਿਰੀ ਵੱਸੋਂ ਨੂੰ, ਅਸਲੋਂ ਲਿੱਸੀ ਸੱਭਿਆਚਾਰਕ ਕੰਗਰੋੜ ਨਾਲ ਹੀ ਦਿਨ-ਕੱਟੀ ਕਰਨੀ ਪੈਂਦੀ ਹੈ, ਪੰਜਾਬੀ ਲੋਕਾਂ ਨੇ, ਆਪਣੇ ਭੂਗੋਲ ਤੇ ਇਤਿਹਾਸ ਦੇ ਅਨੁਕੂਲ, ਕੁੱਝ ਆਦਤਾਂ ਤੇ ਕਦਰਾਂ ਵਿਗਸਿਤ ਕਰ ਲਈਆਂ ਹਨ, ਜੋ ਸਮਾਨ ਪ੍ਰਸੰਗ ਵਿਚ, ਸਮਾਨ ਪ੍ਰਤਿਕ੍ਰਿਆਵਾਂ ਦੇ ਰੂਪ ਵਿਚ ਪ੍ਰਗਟ ਹੁੰਦੀਆਂ ਹਨ। ਮਸਲਨ :

ਪੰਜਾਬੀ ਲੋਕ ਹਰ ਤਰ੍ਹਾਂ ਦੇ ਜਲ-ਵਾਯੂ ਵਿਚ ਦਿਨ ਕਟੀ ਕਰ ਲੈਂਦੇ ਹਨ। ਮੁੜ ਕੇ ਉੱਜੜਨ ਦੀ ਮਜਬੂਰੀ ਨੇ, ਉਨ੍ਹਾਂ ਵਿਚ ਮੁੜ ਕੇ ਛੇਤੀ ਵੱਸ ਜਾਣ ਦਾ ਸੁਭਾ ਪੈਦਾ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਮਿਹਨਤੀ, ਬੇਪਰਵਾਹ ਤੇ ਨਿਡਰ ਬਣਾ ਦਿੱਤਾ ਹੈ। ਭੀੜ ਵਿਚ ਘੁਸੜ ਕੇ, ਆਪਣੇ ਖੜੋਣ ਲਈ ਥਾਂ ਬਣਾ ਲੈਣ ਨੂੰ ਪੰਜਾਬੀ ਆਪਣਾ ਪੈਦਾਇਸ਼ੀ ਹੱਕ ਸਮਝਦਾ ਹੈ। ਥਾਂ ਭਾਵੇਂ ਕਿੰਨੀ ਓਪਰੀ ਹੋਵੇ, ਉਹ ਉੱਚੀ ਬੋਲਣੋਂ

ਬਿਲਕੁਲ ਨਹੀਂ ਸੰਗਦਾ ਤੇ ਆਪਣੀ ਲੋੜ ਅਨੁਸਾਰ ਆਪਣੇ ਆਲੇ-ਦੁਆਲੇ ਨੂੰ ਆਪਣੇ ਜੀਉਣ ਦੇ ਅਨਕੂਲ ਬਣਾਉਣ ਲਈ ਬਲ ਜਾਂ ਜੁਗਤ ਦੀ ਵਰਤੋਂ ਤੋਂ ਉੱਕਾ ਸੰਕੋਚ ਨਹੀਂ ਕਰਦਾ। ਉਹ ਦਿਨ-ਰਾਤ ਆਪਣੇ ਤੇ ਆਪਣੇ ਪਰਿਵਾਰ ਦੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਮਿਆਰ ਨੂੰ ਉਚੇਰਾ ਕਰਨ ਦੇ ਆਹਰ ਵਿਚ ਜੁਟਿਆ ਰਹਿੰਦਾ ਹੈ। ਜਿਵੇਂ ਨਵੇਂ ਵਾਤਾਵਰਨ ਵਿਚ ਉਹ ਬੜੀ ਛੇਤੀ ਨਵੇਂ ਸੰਗੀ ਬਣਾ ਲੈਂਦਾ ਹੈ, ਓਵੇਂ ਹੀ ਨਵੇਂ ਖ਼ਿਆਲਾਂ ਨਾਲ ਮਿੱਤਰਾਚਾਰੀ ਪਾਉਂਦਿਆਂ ਵੀ ਦੇਰ ਨਹੀਂ ਲਾਉਂਦਾ। ਪਰਲੋਕ ਦੀਆਂ ਗੱਲਾਂ ਕਰਦਿਆਂ ਉਹ ਮਾਤ-ਲੋਕ ਨੂੰ ਨਹੀਂ ਵਿਸਾਰਦਾ ਤੇ ਵਰਤਮਾਨ ਦੇ ਪਲ ਪਲ ਵਿੱਚੋਂ ਜ਼ਿੰਦਗੀ ਦਾ ਇਕ ਇਕ ਤੁਪਕਾ ਨਿਚੋੜ ਲੈਣ ਦਾ ਇੱਛਾਵਾਨ ਹੁੰਦਾ ਹੈ।

ਉਹ ਐਸੀ ਮੁਕਤੀ ਦਾ ਗਾਹਕ ਹੁੰਦਾ ਹੈ, ਜੋ ਹੱਸਦਿਆਂ-ਖੇਡਦਿਆਂ, ਖਾਂਦਿਆਂ-ਪੀਂਦਿਆਂ ਤੇ ਪਹਿਨਦਿਆਂ ਮਿਲੇ, ਇਸ ਲਈ ਉਸ ਨੇ ਹੋਰਨਾਂ ਦੀਆਂ ਬਹੁਤੀਆਂ ਉਹੀ ਚੀਜ਼ਾਂ ਅਪਣਾਈਆਂ ਹਨ, ਜੋ ਉਸ ਦੇ ਨਿਤ ਦੇ ਜੀਵਨ ਨੂੰ ਵਧੇਰੇ ਸੁਤੰਤਰ, ਸੋਹਣਾ ਤੇ ਲਾਭਦਾਇਕ ਬਣਾਉਂਦੀਆਂ ਹਨ। ਜਾਤ-ਪਾਤ, ਵਰਣ-ਆਸ਼ਰਮ ਤੇ ਭਿੱਟ ਦੀ ਪਕੜ ਸਾਰੇ ਸੂਬਿਆਂ ਨਾਲੋਂ ਪੰਜਾਬ ਵਿਚ ਘੱਟ ਹੈ; ਪਰੋਹਤਾਂ ਨੂੰ ਸਭ ਤੋਂ ਘੱਟ ਸਤਿਕਾਰ ਇਸ ਧਰਤੀ ਉੱਤੇ ਮਿਲਦਾ ਹੈ। ਪੁਰਾਤਨ ਰੀਤੀਆਂ ਖੰਡਨ ਕਰਨ ਵਾਲਿਆਂ ਬਾਰੇ, ਆਮ ਲੋਕਾਂ ਦਾ ਪਹਿਲਾ ਪ੍ਰਤਿਕਰਮ, ਰੋਸ ਦੀ ਥਾਂ ਸਦਭਾਵਨਾ ਵਾਲਾ ਹੁੰਦਾ ਹੈ। ਐਸੇ ਸੁਭਾ ਵਾਲੇ ਲੋਕ ਬਦੇਸ਼ੀਆਂ ਨਾਲ ਡਟਵੀਂ ਟੱਕਰ ਲੈਂਦੇ ਹਨ ਤਾਂ ਪੱਕੀਆਂ-ਪੀਡੀਆਂ ਕੜਿੰਘੜੀਆਂ ਪਾਉਣੀਆਂ ਵੀ ਜਾਣਦੇ ਹਨ।

ਇਉਂ ਪੰਜਾਬੀ ਲੋਕ ਜਿਥੇ ਵੀ ਗਏ ਹਨ, ਅਜੇ ਤਕ ਉਨ੍ਹਾਂ ਨੇ ਆਪਣਾ ਪੰਜਾਬੀਪੁਣਾ ਸਾਂਭ ਕੇ ਰੱਖਿਆ ਹੈ ਤੇ ਭਾਵੇਂ ਕਈ ਵਾਰੀ ਉਨ੍ਹਾਂ ਦੇ ਅਸ਼ਾਸਤ੍ਰੀ ਲੱਛਣ, ਬਹੁਤ ਨਿਯਮ-ਬੱਧ, ਸੰਜਮੀ ਤੇ ਸਭਯ ਲੋਕਾਂ ਨੂੰ ਪਰੇਸ਼ਾਨ ਵੀ ਕਰਦੇ ਹਨ, ਪਰ ਉਹ ਜਿਥੇ ਵੀ ਹੋਣ, ਆਪਣਾ ਐਸਾ ਇਕਾਗਰ ਰੂਪ ਪੇਸ਼ ਕਰਨ ਵਿਚ ਸਫਲ ਹੁੰਦੇ ਹਨ ਕਿ :

> ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ!

ਅੰਗਰੇਜ਼ੀ ਦਾ ਦੁਖਾਵਾਂ ਤੇ ਘਾਤਕ ਪ੍ਰਭਾਵ

(ਭੂਮਿਕਾ)

ਇਹ ਕਿਤਾਬੜੀ ਪਹਿਲੀ ਵਾਰ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਅਖ਼ੀਰ ਜਿਹੇ ਵਿਚ ਛਪੀ ਸੀ। ਓਦੋਂ ਤਕ ਮੇਰੇ ਮਨ ਵਿਚ ਪੰਜਾਬ ਤੇ ਪੰਜਾਬੀ ਸਾਬਤ ਜੁੱਸੇ ਵਾਲੀਆਂ ਇਕਾਈਆਂ ਸਨ, ਜੋ ਬਦੇਸਾਂ ਤੋਂ ਆਏ ਜਰਵਾਣਿਆਂ ਦੇ ਚੰਗੇ ਜਾਂ ਮੰਦੇ ਤੇ ਥੋੜੇ ਜਾਂ ਬਹੁਤੇ ਪ੍ਰਭਾਵ ਤਾਂ ਕਬੂਲ ਕਰਦੀਆਂ ਸਨ, ਪਰ ਆਪਣੀ ਸੁਤੰਤਰ ਹੋਂਦ ਨੂੰ ਕਾਇਮ ਰੱਖਦੀਆਂ ਸਨ। ਪੰਜ ਪੰਜ ਸੌ ਜਾਂ ਹਜ਼ਾਰ ਸਾਲ ਨਿਰੰਤਰ ਗ਼ੈਰਾਂ ਥੱਲੇ ਰਹਿਣ ਦੇ ਬਾਵਜੂਦ ਤੇ ਬਾਵਜੂਦ ਪੰਜਾਬੀ-ਭਾਸ਼ੀ ਇਲਾਕੇ ਦੀਆਂ ਸਰਹੱਦਾਂ ਦੀ ਖਿੱਚ-ਧੂਹ ਤੇ ਟੁੱਟ-ਭੱਜ ਦੇ ਅਤੇ ਬਾਵਜੂਦ ਪੰਜਾਬੀ ਭਾਸ਼ਾ ਨੂੰ ਰਾਜ-ਭਾਗ ਤੋਂ ਦੂਰ ਰੱਖਣ ਦੇ, ਨਾ ਤਾਂ ਪੰਜਾਬ ਦੇ ਸੂਬਾ ਦੀ ਸਾਲਮੀਅਤ ਗਵਾਚੀ ਤੇ ਨਾ ਪੰਜਾਬੀ ਭਾਸ਼ਾ ਦੀ ਵੱਖਰੀ, ਸੁਤੰਤਰ ਹੋਂਦ ਨੂੰ ਹੀ ਕਿਸੇ ਗੰਭੀਰ ਖ਼ਤਰੇ ਦਾ ਸਾਹਮਣਾ ਕਰਨਾ ਪਿਆ। ਜਦੋਂ ਮੈਂ ਇਹ ਕਿਤਾਬੜੀ ਲਿਖਣੀ ਸ਼ੁਰੂ ਕੀਤੀ ਸੀ, ਓਦੋਂ ਪੰਜਾਬ ਦੇ ਦੋ ਵੱਡੇ ਸਿਆਸੀ ਟੋਟੇ ਹੋ ਚੁੱਕੇ ਸਨ, ਪਰ ਪਾਕਿਸਤਾਨ ਨੂੰ ਜਿਹੜਾ ਵੱਡਾ ਟੋਟਾ ਮਿਲਿਆ, ਉਸ ਦਾ ਨਾਂ ਉਨ੍ਹਾਂ ਨੇ 'ਪੰਜਾਬ' ਹੀ ਰਹਿਣ ਦਿੱਤਾ ਤੇ ਜਿਹੜਾ ਛੋਟਾ ਟੋਟਾ ਭਾਰਤ ਨੂੰ ਮਿਲਿਆ, ਉਸ ਦਾ ਨਾਂ ਵੀ ਇਥੋਂ ਦੀ ਸਰਕਾਰ ਨੇ 'ਪੰਜਾਬ' ਹੀ ਰੱਖਿਆ। ਦੁਪਾਸੀਂ ਆਵਾਜਾਈ ਤੇ ਮੇਲ-ਜੋਲ ਦੀਆਂ ਕਰੜੀਆ ਬੰਦਸ਼ਾਂ ਦੇ ਬਾਵਜੂਦ, ਮੈਂ ਆਪਣੇ ਆਪ ਨੂੰ ਝੂਠਾ ਦਿਲਾਸਾ ਦੇ ਕੇ, ਪੰਜਾਬ ਦੀ ਕਹਾਣੀ ਦੱਸਣ ਲੱਗਿਆਂ ਸਰਹੱਦਾਂ ਦੇ ਆਰ-ਪਾਰ ਇਕ ਨਿਰੰਤਰ ਪੰਜਾਬੀ-ਭਾਸ਼ੀ ਦੇਸ ਦੀ ਚਰਚਾ ਕਰਨੀ ਪਸੰਦ ਕੀਤੀ। ਹੁਣ ਵੀ ਜਦੋਂ ਮੈਂ ਪੰਜਾਬ ਦੀ ਗੱਲ ਕਰਦਾ ਹਾਂ ਤਾਂ ਅਕਸਰ ਆਪਣੇ ਆਪ ਨੂੰ ਮੌਜੂਦਾ ਭਾਰਤੀ ਪੰਜਾਬ ਦੇ ਭੂਗੋਲ ਤਕ ਸੀਮਿਤ ਨਹੀਂ ਰੱਖਦਾ। ਚੇਤਨਾ ਦੀ ਕਿਸੇ ਨੁੱਕਰ ਵਿਚ ਸਾਂਭਿਆ ਪਿਆ ਸਾਲਮ ਪੰਜਾਬ, ਮੇਰੇ ਪਾਸੋਂ ਕਲਪਿਤ ਨੂੰ ਵਾਸਤਵਿਕ ਮੰਨੀ ਜਾਣ ਉੱਤੇ ਮਜਬੂਰ ਕਰਦਾ ਹੈ। ਇਸੇ ਤਰ੍ਹਾਂ, ਪੰਜਾਬੀ ਦੀ ਲਿਪੀ ਦੀ ਭਿੰਨਤਾ ਤੇ ਸ਼ਬਦਾਂ ਦੀ ਭਾਲ ਤੇ ਘਾੜਤ ਲਈ ਕਲਾਸੀਕਲ ਭਾਸ਼ਾਈ ਸੋਮਿਆਂ ਵਿਚ ਬੜੀ ਵੱਡੀ ਵਿੱਥ (ਸੰਸਕ੍ਰਿਤ ਤੇ ਅਰਬੀ) ਦੇ ਬਾਵਜੂਦ ਦੁਹਾਂ ਪਾਸਿਆਂ ਦੇ ਸਿਆਣੇ ਆਪਣੇ ਬੁਲਾਰਿਆਂ ਨੂੰ ਪੰਜਾਬੀ-ਭਾਸ਼ੀ ਮੰਨਦੇ ਆਏ ਹਨ।

ਮੈਂ ਦੱਸਣਾ ਇਹ ਚਾਹ ਰਿਹਾ ਹਾਂ ਕਿ ਬਾਵਜੂਦ ਗੰਭੀਰ ਤੇ ਲੰਮੇ ਸਮੇਂ ਦੇ ਡਿੱਕੋ-ਡੋਲਿਆਂ ਦੇ, ਪੰਜਾਬ ਤੇ ਪੰਜਾਬੀ ਦੀ ਹੋਂਦ ਦੇ ਪੂਰੀ ਤਰ੍ਹਾਂ ਨਸ਼ਟ ਹੋ ਜਾਣ ਦੇ ਭੈ ਨੇ ਕਦੀ ਕਿਸੇ ਪੰਜਾਬੀ ਦੇ ਮਨ ਵਿਚ ਸਿਰ ਨਹੀਂ ਸੀ ਚੁੱਕਿਆ, ਬਲਕਿ ਇਹੀ ਖ਼ਿਆਲ

ਵਿਆਪਕ ਰਿਹਾ ਕਿ ਪੰਜਾਬ ਗ਼ੈਰ-ਪ੍ਰਭਾਵਾਂ ਦੇ ਬਾਵਜੂਦ ਪੰਜਾਬ ਹੈ ਤੇ ਇਸ ਦੀ ਆਪਣੀ ਭਾਸ਼ਾ, ਭਰਪੂਰ ਪ੍ਰਭਾਵਾਂ ਦੇ ਬਾਵਜੂਦ, ਪੰਜਾਬੀ ਹੈ ਤੇ ਹਰ ਜੁਗ ਵਿਚ ਇਸ ਦੇ ਪੁੱਤਰ ਇਸ ਵਿਚ ਰਚਨਾ ਵੀ ਕਰਦੇ ਰਹੇ ਅਤੇ ਜਦੋਂ ਹਾਲਾਤ ਸਵੱਲੇ ਦਿੱਸਦੇ, ਪੰਜਾਬੀ-ਹਿਤੈਸ਼ੀ ਇਹ ਸੋਚਦੇ ਰਹੇ ਕਿ ਇਸ ਦੇ ਪੱਛੜੇਵੇਂ ਨੂੰ ਕਿਸ ਤਰ੍ਹਾਂ ਛੇਤੀ ਦੂਰ ਕਰਨਾ ਹੈ।

ਪਰ ਹੁਣ, ਜਦੋਂ ਮੈਂ ਇਸ ਕਿਤਾਬੜੀ ਦੀ ਦੂਜੀ ਛਾਪ ਪ੍ਰੈਸ ਲਈ ਤਿਆਰ ਕਰ ਰਿਹਾ ਹਾਂ ਤਾਂ ਵੱਡੇ ਪੰਜਾਬ ਦੇ ਛੋਟੇ ਭਾਰਤੀ ਭਾਗ ਨੂੰ, ਇਸ ਦੀਆਂ ਆਪਣੀਆਂ ਕੇਂਦਰੀ ਸਰਕਾਰਾਂ ਨੇ ਛਾਂਗ ਛਾਂਗ ਕੇ ਹੋਰ ਛੋਟਾ ਕਰ ਦਿੱਤਾ ਹੈ। ਪੰਜਾਬ ਦੀ ਜ਼ਮੀਨ ਪੰਜਾਬ ਤੋਂ ਖੋਹ ਕੇ ਗਵਾਂਢੀਆਂ ਦੇ ਅਧਿਕਾਰਾਂ ਦੇ ਅਧੀਨ ਕਰ ਦਿੱਤੀ ਗਈ ਹੈ, ਫੇਰ ਵੀ ਅਜੇ ਇਸ ਦੀ ਵੱਖਰੀ ਹਸਤੀ ਤਾਂ ਕਾਇਮ ਹੈ, ਪਰ ਪੰਜਾਬੀ ਜ਼ਬਾਨ ਦੇ ਸਿਰ ਉੱਤੇ ਤਾਂ ਕਾਲ ਏਨੀ ਉੱਚੀ ਉੱਚੀ ਕੂਕਣ ਲੱਗ ਪਿਆ ਹੈ ਕਿ ਇਸ ਦੀ ਹੋਂਦ ਲਈ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ। ਅੰਤਰ-ਰਾਸ਼ਟਰੀ ਮੁਲੰਕਣ ਦੇ ਮਾਹਿਰਾਂ ਨੇ ਕਾਲੀ ਭਵਿਸ਼-ਬਾਣੀ ਦਾ ਐਲਾਨ ਕਰ ਦਿੱਤਾ ਹੈ ਕਿ ਪੰਜਾਬੀ ਜ਼ਬਾਨ ਧਰਤੀ ਦੇ ਤਖ਼ਤੇ ਤੋਂ ਅਗਲੀ ਅੱਧੀ ਸਦੀ ਦੇ ਅੰਦਰ ਅੰਦਰ ਲੋਪ ਹੋ ਜਾਵੇਗੀ। ਇਹ ਕਾਲੀ ਭਵਿਸ਼-ਬਾਣੀ ਕਿਸੇ ਜੋਤਿਸ਼ ਵਿੱਦਿਆ ਦੇ ਆਧਾਰ ਉੱਤੇ ਨਹੀਂ, ਬਦੇਸਾਂ ਵਿਚ ਵੱਸਦੇ ਲੱਖਾਂ ਪੰਜਾਬੀਆਂ ਤੇ ਦੁਹਾਂ ਪੰਜਾਬਾਂ ਵਿਚ ਵੱਸਦੇ ਪੰਜਾਬੀਆਂ ਦੇ ਆਪਣੀ ਮਾਂ-ਬੋਲੀ ਵੱਲ ਵਿਆਪ ਰਹੇ ਵਤੀਰੇ ਤੇ ਇੱਕੀਵੀਂ ਸਦੀ ਦੀ ਅੰਗਰੇਜ਼ੀ ਵਿਚ ਨਵੇਂ ਜਾਗੇ ਹਿੰਸਕ ਭੋਖੜੇ ਦੇ ਆਧਾਰ ਉੱਤੇ ਲਾਇਆ ਲੱਖਣ ਹੈ। ਮੈਨੂੰ ਪੰਜਾਬੀ ਦੀ ਮੌਤ ਦੇ ਡਰ ਨੇ ਤਾਂ ਕਦੀ ਨਹੀਂ ਸੀ ਗ੍ਰਸਿਆ, ਪਰ ਮੈਂ ਆਪਣੇ ਲੇਖਾਂ ਤੇ ਕਿਤਾਬਾਂ ਵਿਚ ਮਾਪਿਆਂ ਦੀ ਆਪਣੇ ਬੱਚਿਆਂ ਲਈ ਪੰਜਾਬੀ ਦੀ ਲੋੜ ਵੱਲੋਂ ਬੇਰੁਖ਼ੀ ਤੇ ਅੰਗਰੇਜ਼ੀ ਦੀ ਸ਼ਰਨ ਵਿਚ ਜਾਣ ਦੀ ਰੁਚੀ ਦੇ ਵਿਰੋਧ ਵਿਚ ਬੋਲਦਾ ਅਤੇ ਲਿਖਦਾ ਰਿਹਾ ਹਾਂ। ਪਰ ਇੱਕੀਵੀਂ ਸਦੀ ਦੇ ਚੜ੍ਹਦੇ ਸਾਰ ਸੁਖਾਵੇਂ ਪ੍ਰਭਾਵ ਪਾਉਣ ਵਾਲੀ ਅੰਗਰੇਜ਼ੀ, ਹੈਂਸਿਆਰੀ ਬਣ ਕੇ ਦੁਨੀਆ ਦੀਆਂ ਹਜ਼ਾਰਾਂ ਸਾਲਾਂ ਤੋਂ ਘੁੱਗ ਵੱਸਦੀਆਂ ਭਾਸ਼ਾਵਾਂ ਦਾ ਵਿਆਪਕ ਸੰਘਾਰ ਕਰਨ ਲੱਗ ਪਵੇਗੀ, ਇਸ ਦਾ ਕਦੀ ਖ਼ਿਆਲ ਨਹੀਂ ਸੀ ਆਇਆ। ਹੁਣ, ਦੁਨੀਆ ਦੇ ਅਖ਼ਬਾਰਾਂ-ਰਿਸਾਲਿਆਂ ਵਿਚ ਉਨ੍ਹਾਂ ਭਾਸ਼ਾਵਾਂ ਦੀਆਂ ਸੂਚੀਆਂ ਛਪ ਚੁੱਕੀਆਂ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਦੇ ਵਧਦੇ ਦੁਖਾਵੇਂ ਬਲਕਿ ਘਾਤਕ ਰਸੂਖ਼ ਨੇ, ਸਦਾ ਦੀ ਨੀਂਦਰ ਸੁਆ ਦਿੱਤਾ ਹੈ। ਅਜਿਹੇ ਡਰਾਉਣੇ ਦ੍ਰਿਸ਼ ਦੇ ਸਮਕਾਲੀ ਦ੍ਰਸ਼ਟੇ, ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੇ ਹਿਤੈਸ਼ੀ, ਆਪਣੀ ਮਾਂ-ਬੋਲੀ ਬਾਰੇ ਹੋ ਚੁੱਕੀਆਂ ਕਾਲੀਆਂ ਭਵਿੱਸ਼-ਬਾਣੀਆਂ ਵੱਲੋਂ ਨਿਸਚਿੰਤ ਨਹੀਂ ਰਹਿ ਸਕਦੇ। ਸਾਨੂੰ ਸਾਰੇ ਪੰਜਾਬੀਆਂ ਨੂੰ ਇਕਮੁੱਠ ਹੋ ਕੇ, ਬੜੀ ਗੰਭੀਰਤਾ ਤੇ ਸਤਰਕਤਾ ਨਾਲ, ਆਪਣੀ ਭਾਸ਼ਾ ਨੂੰ ਅੰਗਰੇਜ਼ੀ ਦੇ ਨਵੇਂ ਚੰਡੀ ਵਾਲੇ ਸਰੂਪ ਤੋਂ ਸੁਰੱਖਿਅਤ ਰੱਖਣ ਲਈ ਲਾਮਬੰਦ ਹੋਣਾ ਪਵੇਗਾ। ਹੁਣ ਤਕ ਜਿਹੜੀ ਮਨੋਬਿਰਤੀ ਪ੍ਰਭਾਵਾਂ ਨੂੰ ਪਰਵਾਨ ਕਰਨ ਦੇ ਬਾਅਦ ਪੰਜਾਬੀ ਦੇ ਜੁੱਸੇ ਦੀ ਸਾਲਮੀਅਤ ਨੂੰ ਫ਼ਰਜ਼ ਕਰ ਲੈਣ ਵਾਲੀ ਧਾਰੀ ਹੋਈ ਸੀ, ਉਸ

ਨੂੰ ਇਕਦਮ ਤਿਆਗ ਕੇ ਅੰਗਰੇਜ਼ੀ ਦੇ ਹੈਂਸਿਆਰੇ ਪ੍ਰਭਾਵ ਤੋਂ ਬਚਾਉਣ ਦੀਆਂ ਸੋਚਾਂ ਸੋਚਣ ਵੱਲ ਰੁਚਿਤ ਹੋਣ ਦੀ ਫ਼ੌਰੀ ਲੋੜ ਹੈ।

ਇਸ ਸੰਬੰਧ ਵਿਚ ਮੈਂ ਦਸੰਬਰ, 2007 ਵਿਚ ਜਲੰਧਰ ਵਿਚ ਹੋਈ ਪੰਜਾਬੀ ਕਾਨਫ਼ਰੰਸ ਵਿਚ ਜਿਹੜਾ ਆਰੰਭਿਕ ਕੁੰਜੀਵਤ ਭਾਸ਼ਣ ਦਿੱਤਾ ਸੀ, ਉਸ ਵਿਚ ਪੰਜਾਬੀ ਦੇ ਸਿਰ ਉੱਤੇ ਮੰਡਲਾ ਰਹੇ ਭਿਆਨਕ ਖ਼ਤਰੇ ਦੀ ਦੱਸ ਪਾ ਕੇ ਉਸ ਤੋਂ ਬਚਾਉ ਦੀ ਇਕ ਯਕੀਨੀ ਤਜਵੀਜ਼ ਪੇਸ਼ ਕੀਤੀ ਸੀ। ਮੈਨੂੰ ਜਾਪਦਾ ਹੈ ਕਿ ਪ੍ਰਭਾਵਾਂ ਦੇ ਸਿਲਸਿਲੇ ਵਿਚ ਮਾਰੂ ਪ੍ਰਭਾਵ ਬਾਰੇ ਸੁਚੇਤ ਕਰਨ ਲਈ ਉਸ ਭਾਸ਼ਣ ਨੂੰ ਆਪਣੀ ਇਸ ਕਿਤਾਬ ਵਿਚ ਥਾਂ ਦੇਣੀ ਚਾਹੀਦੀ ਹੈ। ਸੋ ਹਾਜ਼ਰ ਹੈ ਵੇਲੇ ਸਿਰ ਖ਼ਤਰੇ ਦੀ ਘੰਟੀ ਵਜਾਉਣ ਵਾਲਾ ਇਸ ਕਿਤਾਬੜੀ ਦਾ ਨਵਾਂ ਅੰਤਿਮ ਲੇਖ :

ਜਿਵੇਂ ਮੈਂ ਦਸੰਬਰ, 2008 ਨੂੰ ਜਲੰਧਰ ਵਿਚ ਹੋਈ ਪੰਜਾਬੀ ਕਾਨਫ਼ਰੰਸ ਵਿਚ ਪੇਸ਼ ਕੀਤਾ

ਮੈਂ ਸ਼ੁਕਰਗੁਜ਼ਾਰ ਹਾਂ ਅੱਜ ਦੀ ਕਾਨਫ਼ਰੰਸ ਦੇ ਪ੍ਰਬੰਧਕਾਂ ਦਾ ਕਿ ਉਨ੍ਹਾਂ ਨੇ ਮੈਨੂੰ ਦੇਸ-ਬਦੇਸ ਤੋਂ ਇਕੱਠੇ ਹੋਏ ਪੰਜਾਬੀ ਪਿਆਰਿਆਂ ਨਾਲ ਆਪਣੇ ਕੁੱਝ ਵਿਚਾਰ ਸਾਂਝੇ ਕਰਨ ਦਾ ਖੁੱਲ੍ਹਾ ਮੌਕਾ ਬਖ਼ਸ਼ਿਆ ਹੈ। ਅੱਜ ਵਰਗੀ ਵਿਚਾਰਵਾਨ ਸੰਗਤ ਨਿੱਤ ਨਿੱਤ ਨਹੀਂ ਜੁੜ ਬੈਠਦੀ, ਇਸ ਲਈ ਮੈਂ ਨਹੀਂ ਚਾਹੁੰਦਾ ਕਿ ਆਪ ਦਾ ਤੇ ਆਪਣਾ ਕੀਮਤੀ ਸਮਾਂ ਪੰਜਾਬੀ ਮਾਂ ਦੇ ਸ਼ਾਨਦਾਰ ਭਵਿੱਖ ਬਾਰੇ ਇਕ ਦੂਜੇ ਨੂੰ ਜਜ਼ਬਾਤੀ ਤਿਫ਼ਲ-ਤਸੱਲੀਆਂ ਦੇ ਦੇ ਕੇ ਬਿਤਾ ਦਿਆਂ ਤੇ ਗੰਭੀਰ ਮਸਲਿਆਂ ਦੇ ਰੂ-ਬ-ਰੂ ਹੋਣ ਨੂੰ ਕਿਸੇ ਅਗਲੀ ਕਾਨਫ਼ਰੰਸ ਤਕ ਟਾਲ ਦਿਆਂ। ਜੋ ਮਸਲੇ ਪੰਜਾਬੀ-ਹਿਤੈਸ਼ੀਆਂ ਦਾ ਗੰਭੀਰ ਧਿਆਨ ਝੱਟ-ਪੱਟ ਮੰਗਦੇ ਨੇ, ਮੈਂ ਚਾਹੁੰਦਾ ਹਾਂ ਕਿ ਅੱਜ ਦੇ ਮੇਲੇ ਨੂੰ, ਆਪਣੀ ਮਾਂ-ਬੋਲੀ ਦੇ ਭਲੇ ਤੇ ਉਸ ਦੀ ਸੁਰੱਖਿਆ ਲਈ, ਨਿਸਚਿਤ ਪ੍ਰੋਗਰਾਮ ਲੱਭਣ ਵਾਲੀ ਜਤਨਸ਼ਾਲਾ ਵਿਚ ਬਦਲ ਦਿਆਂ ਤਾਂ ਜੋ ਆਪੋ-ਆਪਣੇ ਘਰਾਂ ਵਿਚ ਪਹੁੰਚ ਜਾਣ ਤੋਂ ਪਿੱਛੋਂ ਵੀ ਖੜੇ ਕੀਤੇ ਮਸਲੇ ਵਿਦਵਾਨਾਂ ਦਿਆਂ ਮਨਾਂ ਵਿਚ ਹੱਲ ਲੱਭਣ ਲਈ ਲਗਾਤਾਰ ਰੜਕਦੇ ਰਹਿਣ।

ਸਾਡੀ ਪੰਜਾਬੀ ਜ਼ਬਾਨ ਆਪਣੀਆਂ ਤਿੰਨ ਵਡਿਆਈਆਂ ਕਰਕੇ ਵਿਲੱਖਣ ਹੈ :

ਪਹਿਲੀ ਇਹ ਕਿ ਪੌਣੇ ਸੱਤ ਹਜ਼ਾਰ ਭਾਸ਼ਾਵਾਂ ਦੇ ਦਰਬਾਰ ਵਿਚ ਇਸ ਨੂੰ ਤੇਰ੍ਹਵੀਂ ਕੁਰਸੀ ਉੱਤੇ ਬਿਠਾਇਆ ਜਾਂਦਾ ਹੈ।

ਇਸ ਦੀ ਦੂਜੀ ਵਡਿਆਈ ਇਸ ਦੇ ਫੈਲਾਉ ਦੀ ਹੈ। ਸੁਲੇਮਾਨ ਪਰਬਤ ਤੋਂ ਲੈ ਕੇ ਜਮਨਾ ਦੇ ਤੱਟ ਤਕ, ਦੋ ਮੁਲਕਾਂ ਵਿਚ ਵੰਡੀ ਜਾਣ ਦੇ ਬਾਵਜੂਦ, ਜਿੰਨੀ ਭੋਇੰ ਬਣਦੀ ਹੈ, ਉਹ ਕਰੀਬ ਕਰੀਬ ਸਾਰੀ ਇਸ ਦੀ ਜਾਗੀਰ ਹੈ। ਦੁਨੀਆ ਵਿਚ ਕਿੰਨੀਆਂ ਕੁ ਹੋਰ ਬੋਲੀਆਂ ਨੇ, ਏਡੀ ਵੱਡੀ ਜਗੀਰ ਦੀਆਂ ਮਾਲਕ ?

ਤੀਜੀ ਵਿਸ਼ੇਸ਼ਤਾ ਇਸ ਦੀ ਲੰਮੀ ਉਮਰ ਦੀ ਹੈ। ਅੱਦਹਮਾਨ ਤੋਂ ਨਹੀਂ ਤਾਂ

ਬਾਬਾ ਫ਼ਰੀਦ ਤੋਂ ਲੈ ਲਓ, ਕਿੰਨੀਆਂ ਕੁ ਬੋਲੀਆਂ ਨੇ ਏਨੀਆਂ ਸਦੀਆਂ ਪੁਰਾਣੀਆਂ ? ਅੰਗਰੇਜ਼ੀ ਦੇ ਕਵੀ ਚੌਸਰ (1340(?)-1400) ਨੂੰ ਅੰਗਰੇਜ਼ੀ ਦਾ ਪਹਿਲਾ ਸ਼ਾਇਰ ਮੰਨ ਲਈਏ ਤਾਂ ਉਹ ਬਾਬਾ ਫ਼ਰੀਦ ਜੀ (1178-1271) ਦੇ ਪੜਪੋਤਰਿਆਂ ਦੇ ਹਾਣ ਦਾ ਬਣਦਾ ਹੈ।

ਬੁਲਾਰਿਆਂ ਦੀ ਬਹੁ-ਗਿਣਤੀ ਇਸ ਦੇ ਬੁਲਾਰਿਆਂ ਦੀ ਲੰਮੀ-ਚੌੜੀ ਜਾਗੀਰ ਤੇ ਇਸ ਦੀ ਲੰਮੀ ਉਮਰ ਵਾਲੇ ਤਿੰਨ ਲੱਛਣ ਗਿਣਾ ਕੇ ਅਸੀਂ ਆਪਣੀ ਮਾਂ ਦੀ ਨਨਤਕਾਰੀ ਕਰਦਿਆਂ ਥੱਕਦੇ ਨਹੀਂ। ਉਸ ਦੀਆਂ ਇਨ੍ਹਾਂ ਵਡਿਆਈਆਂ ਦੀਆਂ ਕਲਗੀਆਂ ਆਪਣਿਆਂ ਸਿਰਾਂ ਉੱਤੇ ਸਜਾ ਕੇ ਅਸੀਂ ਦੁਨੀਆ ਦੇ ਸਾਹਿੱਤਿਕ ਪਿੜਾਂ ਵਿਚ ਫ਼ਖ਼ਰੀਆ ਅੰਦਾਜ਼ ਨਾਲ ਪਹੁੰਚਦੇ ਹਾਂ। ਪਰ ਮੈਂ ਅੱਜ ਮਾਂ ਦੀਆਂ ਇਨ੍ਹਾਂ ਤੇ ਇਨ੍ਹਾਂ ਵਰਗੀਆਂ ਹੋਰ ਬਥੇਰੀਆਂ ਵਡਿਆਈਆਂ ਦੇ ਗੁਣ ਗਾ ਗਾ ਕੇ ਚਿੱਥੇ ਨੂੰ ਦੁਬਾਰਾ, ਤਿਬਾਰਾ ਚਿੱਥਣ ਨੂੰ ਤਿਆਰ ਨਹੀਂ। ਜਿਸ ਦੁਖਿਆਰੀ ਦੀ ਵਿਥਿਆ ਅਸੀਂ ਕਦੀ ਸੁਣੀ ਹੀ ਨਹੀਂ, ਮੈਂ ਅੱਜ ਉਸ ਦੀ ਪੁਕਾਰ ਤੁਹਾਡੇ ਤਕ ਪਹੁੰਚਾਉਣੀ ਹੈ। ਉਸ ਦੀ ਆਪਣੀ ਜ਼ਬਾਨੀ ਹੀ ਸੁਣ ਲਓ, ਉਸ ਦੀ ਲੰਮੀ ਦਰਦੀਲੀ ਵਿਥਿਆ :

"ਮੇਰੇ ਜੀਉਣ ਜੋਗੇ ਬੱਚਿਓ! ਜ਼ਰਾ ਧਿਆਨ ਨਾਲ ਸੁਣਿਓ ਮੇਰੀਆਂ ਝੱਲ-ਵਲੱਲੀਆਂ। ਵਿਚ ਵਿਚ ਜੇ ਮੈਂ ਭੁੱਲਾਂ ਕਰ ਜਾਵਾਂ ਤਾਂ ਮਾਫ਼ ਕਰ ਦੇਣਾ।

"ਮੈਂ ਜਦੋਂ ਇਸ ਧਰਤੀ ਉੱਤੇ ਅੱਖਾਂ ਖੋਲ੍ਹੀਆਂ, ਓਦੋਂ ਅਸੀਂ ਗੁਲਾਮ ਬਣ ਚੁੱਕੇ ਸਾਂ। ਮਾਲਕਾਂ ਨੇ ਆਪਣੇ ਧਰਮ ਦੀ ਬੋਲੀ ਅਰਬੀ ਰੱਖੀ, ਪਰ ਹੌਲੀ ਹੌਲੀ ਰਾਜ-ਭਾਗ ਦਾ ਸਾਰਾ ਕੰਮ ਫ਼ਾਰਸੀ ਸਾਂਭਦੀ ਗਈ। ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੇ ਮਾਧਿਅਮ ਵਾਲੀ ਥਾਂ ਵੀ ਫ਼ਾਰਸੀ ਨੇ ਮੱਲ ਲਈ। ਮੇਰੇ ਮਜ਼ੂਰ, ਕਿਰਸਾਨ ਤੇ ਹਟਵਾਣੀਏ ਬੱਚੇ, ਘਰਾਂ, ਗਲੀਆਂ-ਮੁਹੱਲਿਆਂ, ਬਜ਼ਾਰਾਂ ਤੇ ਮੰਡੀਆਂ ਜਾਂ ਖੇਤਾਂ ਵਿਚ ਮੇਰੀ ਵਰਤੋਂ ਕਰਦੇ ਰਹੇ। ਮੇਰੇ ਲਾਲ ਹਲ ਵਾਹੁੰਦੇ, ਹੱਡ-ਭੰਨਵੀਂ ਮਿਹਨਤ ਕਰਦੇ, ਦੁਪਹਿਰ ਬਾਰਾਂਟੈਣੀ ਵਰਗੀਆਂ ਖੇਡਾਂ ਖੇਡ ਖੇਡ ਕੇ ਲੰਘਾਉਂਦੇ, ਪਤੰਗਾਂ ਉਡਾਉਂਦੇ ਤੇ ਖਿੱਦੋ-ਖੂੰਡੀ ਖੇਡਦੇ; ਮੇਲਿਆਂ-ਮੁਸਾਹਿਬਿਆਂ ਵਿਚ ਜਾਂਦੇ; ਰਿਸ਼ਤੇਦਾਰੀਆਂ ਪੁਗਾਉਂਦੇ ਤੇ ਦਾਰੂ-ਸਿੱਕਾ ਛਕ-ਛਕਾ ਕੇ ਬਾਘੀਆਂ ਪਾਉਂਦੇ ਤੇ ਖ਼ੁਸ਼ ਰਹਿੰਦੇ। ਜਿੰਨੇ ਕੁ ਲਫ਼ਜ਼ਾਂ ਦੀ ਇਨ੍ਹਾਂ ਕੰਮਾਂ ਲਈ ਲੋੜ ਪੈਂਦੀ ਸੀ, ਮੈਂ ਪੂਰਦੀ ਰਹੀ, ਕੀਰਤਨਾਂ, ਗੀਤਾਂ, ਬਾਤਾਂ, ਚੁਟਕਲਿਆਂ ਤੇ ਬੁਝਾਰਤਾਂ ਨਾਲ ਮੈਂ ਸਭ ਦਾ ਜੀਅ ਲਾਈ ਰੱਖਿਆ। ਮੁਹਾਵਰਿਆਂ ਤੇ ਅਖਾਣਾਂ ਨਾਲ ਉਨ੍ਹਾਂ ਦੀ ਝੋਲੀ ਭਰ ਦਿੱਤੀ, ਪਰ ਨਾ ਫ਼ੌਜ, ਨਾ ਨਿਆਂ, ਨਾ ਹਕੂਮਤ, ਨਾ ਕਿਸੇ ਵੀ ਵਿਸ਼ੇਸ਼ ਪੇਸ਼ੇ ਦੇ ਤਕਨੀਕੀ ਲਫ਼ਜ਼ਾਂ ਦੀ ਵਰਤੋਂ ਦੀ ਕੋਈ ਸੇਵਾ ਮੈਨੂੰ ਬਖ਼ਸ਼ੀ ਗਈ ਤੇ ਨਾ ਮੈਂ ਉਹ ਲਫ਼ਜ਼ ਸਿੱਖ ਸਕੀ। ਸੋ, ਮੈਂ ਖ਼ਾਸ ਤਰ੍ਹਾਂ ਦੀ ਤਕਨੀਕੀ ਸ਼ਬਦਾਵਲੀ ਦੇ ਗਿਆਨ ਤੋਂ ਸੱਖਣੀ ਰਹੀ। ਮੇਰੇ ਸੁਲੱਖਣੇ ਪੁੱਤਰਾਂ ਨੇ ਖ਼ੁਸ਼ੀ ਖ਼ੁਸ਼ੀ ਫ਼ਾਰਸੀ ਸਿੱਖ ਲਈ ਤੇ ਸਰਕਾਰੇ-ਦਰਬਾਰੇ ਜਾਂ ਸਕੂਲਾਂ ਵਿਚ ਮੈਨੂੰ ਥਾਂ ਦਿਵਾਉਣ ਬਾਰੇ ਹੰਭਲਾ ਤਾਂ ਕੀ ਮਾਰਨਾ ਸੀ, ਇਸ ਪਾਸੇ ਬਾਰੇ ਕਦੀ ਸੋਚਿਆ ਵੀ ਨਹੀਂ ਸੀ।

"ਮੇਰੀ ਅਜੀਬ ਹਾਲਤ ਸੀ—ਧਰਤੀ ਮੇਰੀ, ਇਸ ਉੱਤੇ ਵੱਸਣ ਵਾਲਾ ਜੀਆ-ਜੰਤ ਮੇਰਾ, ਪਰ ਮੈਨੂੰ ਨਾ ਮਹਿਲਾਂ ਦੇ, ਨਾ ਦਰਬਾਰਾਂ ਦੇ ਤੇ ਨਾ ਹੀ ਸਕੂਲਾਂ ਦੇ ਨੇੜੇ

ਜਾਣ ਦਿੱਤਾ ਜਾਂਦਾ। ਮੇਰੇ ਪਾਸੋਂ ਤਾਂ ਝਾੜ-ਪੂੰਝ ਤੇ ਡੰਗਰਾਂ ਨੂੰ ਪੱਠੇ ਪਾਉਣ ਵਾਲੀ ਦਾਸੀ ਦਾ ਤੇ ਜਾਂ ਫੇਰ ਖ਼ੁਸ਼ੀ-ਗ਼ਮੀ ਦੇ ਗੀਤ ਗਾਉਣ ਵਾਲੀ ਨਾਇਣ ਦਾ ਕੰਮ ਹੀ ਲਿਆ ਜਾਂਦਾ ਰਿਹਾ। ਮੈਂ ਕੰਮ ਤੋਂ ਕਦੀ ਨਹੀਂ ਭੱਜੀ। ਕੰਮ ਕੋਈ ਵੀ ਮਾੜਾ ਨਹੀਂ ਹੁੰਦਾ, ਪਰ ਹਿਰਖ ਤਾਂ ਇਸ ਗੱਲ ਦਾ ਰਿਹਾ ਕਿ ਜਦ ਮੇਰੇ ਲਾਡਲੇ ਆਪ ਸਰਕਾਰੇ-ਦਰਬਾਰੇ ਜਾਣ ਲੱਗ ਪਏ ਸਨ ਤਾਂ ਮੈਨੂੰ ਆਪਣੇ ਨਾਲ ਕਿਉਂ ਨਾ ਲੈ ਗਏ ? ਉਹ ਆਪ ਤਾਂ ਨਿਗੁਣੀਆਂ ਨੌਕਰੀਆਂ ਉੱਤੇ ਲੱਗ ਕੇ ਸੰਤੁਸ਼ਟ ਹੋ ਗਏ, ਪਰ ਮੇਰੀ ਬਾਂਹ ਕਿਸੇ ਨੇ ਨਾ ਫੜੀ। ਪੁੱਤਰ ਗੁਲਛੱਰੇ ਉਡਾਉਂਦੇ ਰਹੇ ਤੇ ਮਾਂ ਲਿੱਦ ਢੋਂਦੀ ਰਹੀ। ਹੋਣ ਮੇਰੇ ਧੀਆਂ-ਪੁੱਤਰ ਤੇ ਉਨ੍ਹਾਂ ਨੂੰ ਆਪਣੀ ਤੇ ਮੇਰੀ ਹਾਲਤ ਵਿਚਲੀ ਵਿੱਥ ਕਦੀ ਵੀ ਨਾ ਰੜਕੀ, ਮੈਂ ਆਪਣੇ ਨਸੀਬਾਂ ਨੂੰ ਨਾ ਪੁਣਾਂ ਤਾਂ ਕੀ ਕਰਾਂ ?

"ਮੈਂ ਉਡੀਕਦੀ ਰਹੀ ਕਿ ਜਦ ਵੀ ਮੇਰੀ ਸੁੱਖਾਂ-ਲੱਧੀ ਔਲਾਦ ਰਾਜ ਪਲਟਾਏਗੀ, ਉਹ ਆਪਣੀ ਮਾਂ ਦੀ ਦੁਰਦਸ਼ਾ ਵਿਚ ਸੁਧਾਰ ਲਿਆਵੇਗੀ, ਪਰ ਮੇਰੇ ਪੁੱਤਰ ਤਾਂ ਮੈਨੂੰ ਮੇਰੇ ਹਾਲ ਉੱਤੇ ਛੱਡ ਕੇ ਏਨੇ ਘੂਕ ਸੌਂ ਗਏ ਕਿ ਜਦੋਂ ਗੁਰੂ ਨਾਨਕ ਦੇਵ ਨੇ ਖੱਲੇ ਮਾਰ ਮਾਰ ਕੇ ਜਗਾਉਣ ਦੀ ਕੋਸ਼ਿਸ਼ ਕੀਤੀ : ਓਏ ਬੇਸ਼ਰਮੋ ! 'ਮਲੇਛ ਭਾਖਿਆ ਗਹੀ' ਜਾਂ 'ਬੋਲੀ ਅਵਰ ਤੁਮਾਰੀ'—ਤੁਸੀਂ ਆਪਣੇ ਖ਼ਜ਼ਾਨੇ ਨੂੰ ਕਿਉਂ ਨਹੀਂ ਸੰਭਾਲਦੇ, ਤਾਂ ਵੀ ਉਹ ਨਾ ਹਿੱਲੇ। ਰਾਜ ਤਾਂ ਕਈ ਬਦਲੇ, ਅਰਬ ਆਏ, ਤੁਰਕ ਆਏ, ਅਫ਼ਗ਼ਾਨ ਆਏ, ਮੁਗ਼ਲ ਆਏ, ਈਰਾਨੀ ਆਏ, ਸਿੱਖ ਆਏ, ਅੰਗਰੇਜ਼ ਆਏ, ਪਰ ਮੇਰੇ ਪੁੱਤਰ ਹਰ ਨਵੇਂ ਜਰਵਾਣੇ ਦੀ ਜੀ-ਹਜ਼ੂਰੀ ਕਰਨ ਤੇ ਗ਼ੈਰ-ਬੋਲੀਆਂ ਬੋਲ ਕੇ ਸੁਖ ਦੀ ਨੀਂਦਰ ਸੌਣ ਦਾ ਵੱਲ ਸਿੱਖ ਗਏ ਸਨ, ਸੋ ਮੇਰੇ ਜੀਉਂਦੇ-ਜੀਅ ਕਦੀ ਕਿਸੇ ਨੇ ਮੈਨੂੰ ਆਪਣੀ ਅਣਖ ਨਾਲ ਜੋੜਨ ਦਾ ਜਤਨ ਨਾ ਕੀਤਾ। ਮੇਰੇ ਪਿਆਰੇ ਪੁੱਤਰੋ ! ਤੁਹਾਡੇ ਬਜ਼ੁਰਗਾਂ ਦੀ ਸ਼ਾਨ ਵਿਚ ਕੋਈ ਕੌੜਾ ਲਫ਼ਜ਼ ਬੋਲਿਆ ਗਿਆ ਹੋਵੇ ਤਾਂ ਮੈਨੂੰ ਬੁੱਢੜੀ ਨੂੰ ਬਖ਼ਸ਼ ਦੇਣਾ।

"1947 ਵਿਚ ਆਜ਼ਾਦੀ ਦਾ ਸੂਰਜ ਚੜ੍ਹਿਆ ਤਾਂ ਮੈਨੂੰ ਵੀ ਬੜਾ ਚਾਅ ਚੜ੍ਹਿਆ ਕਿ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਦੇ ਪਿੱਛੋਂ ਰਾਜ ਮੇਰੇ ਆਪਣੇ ਆਜ਼ਾਦ ਬੱਚਿਆਂ ਦੇ ਹੱਥ ਵਿਚ ਆਇਆ ਹੈ, ਹੁਣ ਤਾਂ ਮੇਰੇ ਭਾਗ ਜਾਗਣਗੇ ਹੀ। ਪਰ ਕਿਸਮਤ ਦੀ ਮਾਰੀ ਇਸ ਦੁਖਿਆਰੀ ਨਾਲ ਜੋ ਸਲੂਕ ਸੱਕੇ ਪੁੱਤਰਾਂ-ਪੋਤਰਿਆਂ ਵੱਲੋਂ ਹੋ ਰਿਹਾ ਹੈ, ਉਸ ਦੇ ਨਮੂਨੇ ਵਿਖਾਉਣ ਲਈ ਪਹਿਲਾਂ ਮੈਂ ਤੁਹਾਨੂੰ ਆਪਣੇ ਜੱਦੀ ਘਰ ਪਾਕਿਸਤਾਨ ਵਿਚ ਲੈ ਚੱਲਦੀ ਹਾਂ, ਜੋ ਦੁਨੀਆਂ ਵਿਚ ਪੰਜਾਬੀ ਬੁਲਾਰਿਆਂ ਦਾ ਸਭ ਤੋਂ ਵੱਡਾ ਗੜ੍ਹ ਹੈ।

"ਯਾ ਅੱਲਾਹ ! ਮੇਰੇ ਜੰਮਣ ਤੋਂ ਲੈ ਕੇ ਹੁਣ ਤਕ ਕਿਸੇ ਜਰਵਾਣੇ ਨੇ ਵੀ ਮੇਰੀ ਏਨੀ ਦੁਰਗਤ ਨਹੀਂ ਸੀ ਕੀਤੀ, ਜਿੰਨੀ ਮੇਰੀ ਆਪਣੀ ਔਲਾਦ ਪਾਕਿਸਤਾਨ ਪੰਜਾਬ ਵਿਚ ਕਰ ਰਹੀ ਹੈ। ਮਸਲਨ :

1. ਪੰਜਾਬ ਦੀ ਕਾਨੂੰਨ-ਘੜਨੀ ਅਸੈਂਬਲੀ ਵਿਚ ਕਿਸੇ ਮੈਂਬਰ ਨੂੰ ਸਪੀਕਰ ਦੀ ਮਨਜ਼ੂਰੀ ਬਿਨਾਂ ਆਪਣੀ ਤਕਰੀਰ ਲਈ ਮੈਨੂੰ ਵਰਤਣ ਦੀ ਖੁੱਲ੍ਹ ਨਹੀਂ ਹੈ।

2. ਦਫ਼ਤਰਾਂ ਤੇ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਉਰਦੂ ਹੈ ਜਾਂ ਅੰਗਰੇਜ਼ੀ।
3. ਕੱਚੀ ਪਹਿਲੀ ਜਮਾਤ ਤੋਂ ਪੌੜੀ ਦੇ ਸਿਖਰਲੇ ਡੰਡੇ ਤਕ, ਸਾਰੀ ਪੜ੍ਹਾਈ ਉਰਦੂ ਵਿਚ ਹੈ ਜਾਂ ਅੰਗਰੇਜ਼ੀ ਵਿਚ।
4. ਸਾਰੇ ਵੱਡੇ ਅਖ਼ਬਾਰ ਉਰਦੂ ਵਿਚ ਛਪਦੇ ਨੇ ਜਾਂ ਅੰਗਰੇਜ਼ੀ ਵਿਚ।

ਗੱਲ ਕੀ, ਪਾਕਿਸਤਾਨੀ ਪੰਜਾਬ ਦੀ ਆਜ਼ਾਦ ਦੇਸੀ ਸਰਕਾਰ, ਮੇਰੇ ਨਾਲ ਜਿਸ ਤਰ੍ਹਾਂ ਦਾ ਮਤਰੇਆ ਸਲੂਕ ਕਰ ਰਹੀ ਹੈ, ਉਹ ਤਾਂ ਕਦੀ ਕਿਸੇ ਦੁਸ਼ਮਨ ਨੇ ਵੀ ਨਹੀਂ ਸੀ ਕੀਤਾ। ਪਾਕਿਸਤਾਨੀ ਪੰਜਾਬ ਦੀ ਮਾਨਸਿਕਤਾ ਨੇ ਜਿਸ ਤਰ੍ਹਾਂ ਉਰਦੂ ਤੇ ਇਸਲਾਮ ਦੇ ਗੱਠਜੋੜ ਨੂੰ ਪੀਡਾ ਕੀਤਾ ਹੋਇਆ ਹੈ, ਸਿੰਧ, ਬਲੋਚਿਸਤਾਨ ਜਾਂ ਸੂਬਾ ਸਰਹੱਦ ਵਿਚ ਉਸ ਦਾ ਨਾਂ-ਨਿਸ਼ਾਨ ਵੀ ਨਹੀਂ ਮਿਲਦਾ। ਸਿੰਧ ਦੇ ਮੁਸਲਮਾਨਾਂ ਦਾ ਇਸਲਾਮ, ਸਿੰਧੀ ਭਾਸ਼ਾ ਦਾ ਸਨੇਹੀ ਹੈ, ਵੈਰੀ ਨਹੀਂ। ਬਲੋਚਿਸਤਾਨ ਤੇ ਸੂਬਾ ਸਰਹੱਦ ਦੇ ਇਸਲਾਮ ਦੀ ਵੀ ਉਥੋਂ ਦੀਆਂ ਕੁਦਰਤੀ ਬੋਲੀਆਂ ਨਾਲ ਕੋਈ ਗ਼ੈਰ-ਸਾਲੀ ਨਹੀਂ ਹੈ। ਇਕੱਲਾ ਪਾਕਿਸਤਾਨੀ ਪੰਜਾਬ ਦਾ ਸੂਬਾ ਹੀ ਹੈ, ਜਿਸ ਦਾ ਇਸਲਾਮ ਉਥੋਂ ਦੇ ਬੁਲਾਰਿਆਂ ਨੂੰ ਆਪਣੀ ਮਾਂ-ਬੋਲੀ ਨਾਲ ਵੈਰ ਕਮਾਉਣ ਦੀ ਸਿੱਖਿਆ ਦੇਂਦਾ ਪ੍ਰਤੀਤ ਹੁੰਦਾ ਹੈ। ਪੁੱਤਰ ਤਾਂ ਆਪ ਆਜ਼ਾਦ ਹੋ ਕੇ ਆਪਣੀ ਬੁੱਢੀ ਮਾਂ ਨਾਲ ਖੁੱਲ੍ਹਮ-ਖੁੱਲ੍ਹਾ ਦਗ਼ਾ ਕਮਾਉਣ ਵਿਚ ਲੱਗੇ ਹੋਏ ਨੇ, ਪਰ ਮੈਂ ਤਾਂ ਹੁਣ ਵੀ, ਉਨ੍ਹਾਂ ਵੱਲੋਂ ਦੁਰਕਾਰੇ ਜਾਣ ਦੇ ਬਾਵਜੂਦ, ਅਵਾਮ ਦੀਆਂ ਭਾਸ਼ਾਈ ਲੋੜਾਂ ਬਾਕਾਇਦਾ ਪੂਰ ਰਹੀ ਹਾਂ। ਮੈਂ ਅਭਾਗਣ ਅੱਜ ਵੀ ਰੱਬ ਪਾਸੋਂ ਆਪਣੇ ਗੁਮਰਾਹ ਹੋਏ ਇਨ੍ਹਾਂ ਪੁੱਤਰਾਂ ਦੀਆਂ ਸੌ ਰੱਖਾਂ ਮੰਗਦੀ ਹਾਂ। ਸੁਹੰਢਣੀ ਹੋਵੇ ਇਨ੍ਹਾਂ ਦੀ ਆਜ਼ਾਦੀ। ਮੇਰੀਆਂ ਅੱਖਾਂ ਦੇ ਤਾਰੇਠ ਜੁਗ ਜੁਗ ਜੀਉਂਦੇ ਰਹਿਣ।

"ਹੁਣ ਚੱਲੀਏ ਚੜ੍ਹਦੇ ਪੰਜਾਬ ਵਿਚ ਤੇ ਵੇਖੀਏ ਆਜ਼ਾਦੀ ਤੋਂ ਝੱਟ ਪਹਿਲਾਂ ਦੇ ਭਾਸ਼ਾ + ਮਜ਼ਹਬ ਦੇ ਮਸਨੂਈ ਗੰਢ-ਚਿਤਰਾਵੇ ਨੇ ਆਜ਼ਾਦੀ ਤੋਂ ਪਿੱਛੋਂ ਕੀ ਸ਼ਕਲ ਅਖ਼ਤਿਆਰ ਕੀਤੀ ਹੈ?

"ਮੁਸਲਿਮ ਲੀਗ ਦੀ ਫ਼ਿਰਕੂ ਨੀਤੀ ਦੇ ਜਵਾਬ ਵਿਚ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੇ ਵੀ ਫ਼ਿਰਕੂ ਨੀਤੀਆਂ ਅਪਣਾਈਆਂ ਹੋਈਆਂ ਸਨ, ਪਰ ਸਿਆਸੀ ਮੁਹਾਜ਼ ਉੱਤੇ ਸਾਂਝਾ ਮੋਰਚਾ ਬਣਾਇਆ ਹੋਇਆ ਸੀ। ਪਾਕਿਸਤਾਨ ਬਣਨ ਤੋਂ ਬਾਅਦ ਲਹਿੰਦੇ ਪੰਜਾਬ ਵਿਚ ਤਾਂ ਇੱਕੋ ਮਜ਼ਹਬ ਰਹਿ ਗਿਆ, ਪਰ ਭਾਰਤੀ ਪੰਜਾਬ ਵਿਚ ਦੋ ਮਜ਼ਹਬ ਆ ਗਏ। ਇਨ੍ਹਾਂ ਦੀ ਸਾਰੀ ਸਿਖਲਾਈ ਫ਼ਿਰਕੂ ਸਿਆਸਤ ਦੀ ਸੀ, ਜਿਸ ਵਿਚ ਇਕ ਮਜ਼ਹਬੀ ਧੜੇ ਨੇ ਦੂਜੇ ਮਜ਼ਹਬੀ ਧੜੇ ਨੂੰ ਨਿਸ਼ਾਨਾ ਬਣਾ ਕੇ ਫੰਡਣਾ ਹੁੰਦਾ ਸੀ। ਚੜ੍ਹਦੇ ਪੰਜਾਬ ਵਿਚ ਆਜ਼ਾਦੀ ਤੋਂ ਝੱਟ ਪਹਿਲਾਂ ਵਾਲਾ ਹਿੰਦੂ-ਸਿੱਖ ਸਾਂਝਾ ਮੁਹਾਜ਼ ਕੁੱਝ ਦੇਰ ਤਾਂ ਕਾਇਮ ਰਿਹਾ, ਪਰ ਛੇਤੀ ਹੀ ਦੁਹਾਂ ਧੜਿਆਂ ਦੀ, ਮਜ਼ਹਬ ਨੂੰ ਸਿਆਸੀ ਹਥਿਆਰ ਪਾਰੋਂ ਵਰਤਣ ਦੀ ਸਿਖਲਾਈ ਨੇ ਆਪਣੇ ਫਣ ਖਿਲਾਰਨੇ ਸ਼ੁਰੂ ਕਰ ਦਿੱਤੇ। ਅਖ਼ਬਾਰੀ ਬਿਆਨਬਾਜ਼ੀ ਨੇ ਜਲੂਸਬਾਜ਼ੀ ਦੀ ਸ਼ਕਲ ਧਾਰੀ ਤੇ ਮਜ਼ਹਬਾਂ ਦੀ ਉਪਜਾਈ ਨਫ਼ਰਤ ਨੇ ਅਖ਼ੀਰ ਦੁਹਾਂ ਦਲਾਂ ਨੂੰ ਘਾਤਕ ਹਿੰਸਾ ਤਕ ਪਹੁੰਚਾ ਦਿੱਤਾ। ਇਹ ਸਭ ਕੁੱਝ ਹੋਇਆ

ਭਾਸ਼ਾ + ਮਜ਼ਹਬ ਦੇ ਨਾਂ ਉੱਤੇ। ਪੰਜਾਬ ਦੇ ਹਿੰਦੂਆਂ ਦੀ 'ਮਾਦਰੀ' ਜ਼ਬਾਨ ਹਿੰਦੀ ਤੇ ਸਿੱਖਾਂ ਦੀ 'ਮਾਦਰੀ' ਜ਼ਬਾਨ ਪੰਜਾਬੀ। ਚੁਆਤੀ ਲਾਉਣ ਵਾਲੇ ਹੀ ਸੁਲਹ-ਸਫ਼ਾਈ ਕਰਨੇ ਬੈਠਦੇ ਤੇ 'ਫ਼ਾਰਮੂਲੇ' ਘੜਨ-ਤੋੜਨ ਦੇ ਸ਼ੁਗ਼ਲ ਨਾਲ ਜੀਅ ਪਰਚਾਉਂਦੇ ਰਹਿੰਦੇ। ਅਖ਼ੀਰ, ਇਸ ਭੰਨ-ਤੋੜ ਦਾ ਅਮਲ ਮੁੱਕਿਆ। 1966 ਵਿਚ ਜਦੋਂ ਭਾਰਤ ਦੇ ਹਿੱਸੇ ਵਿਚ ਆਏ ਪੰਜਾਬ ਦੇ ਤਿੰਨ ਟੋਟੇ ਕੀਤੇ ਗਏ—ਪੰਜਾਬ, ਹਰਿਆਣਾ ਤੇ ਹਿਮਾਚਲ। ਮੈਨੂੰ ਲੱਗਿਆ, ਜਿਵੇਂ ਇਤਿਹਾਸ ਵਿਚ ਪਹਿਲੀ ਵਾਰੀ ਮੇਰੇ ਭਾਗ ਜਾਗਣ ਲੱਗੇ ਨੇ। ਉੱਤੋਂ ਛੇਤੀ ਹੀ ਬਣ ਗਈ ਕਿ 'ਕੱਲ੍ਹ ਤੋਂ ਹੀ ਪੰਜਾਬ ਦੀ ਸਰਕਾਰੀ ਭਾਸ਼ਾ ਗੁਰਮੁਖੀ ਵਿਚ ਲਿਖੀ ਪੰਜਾਬੀ ਹੋਵੇਗੀ। ਚਪੜਾਸੀਆਂ ਤੋਂ ਲੈ ਕੇ ਸਰਕਾਰ ਦੇ ਚੀਫ਼ ਸਕੱਤਰ ਤਕ ਹਰ ਸਰਕਾਰੀ ਮੁਲਾਜ਼ਮ ਨੂੰ ਸਰਕਾਰੀ ਲਿਖਾ-ਪੜ੍ਹੀ ਪੰਜਾਬੀ ਵਿਚ ਕਰਨੀ ਪਵੇਗੀ। ਸਭ ਸਰਕਾਰੀ ਸਕੂਲਾਂ ਵਿਚ ਹੇਠੋਂ ਲੈ ਕੇ ਉਪਰ ਤਕ ਹਰ ਮਜ਼ਮੂਨ ਪੰਜਾਬੀ ਵਿਚ ਪੜ੍ਹਾਇਆ ਜਾਵੇਗਾ।'

"ਇਉਂ ਖ਼ਬਰੇ ਕਿੰਨੀਆਂ ਸਦੀਆਂ ਦੇ ਬਾਅਦ ਪਹਿਲੀ ਵਾਰ ਮੇਰੀ ਆਪਣੀ ਸੁਤੰਤਰ ਸਲਤਨਤ ਕਾਇਮ ਹੋਈ। ਪੰਜਾਬ ਸਰਕਾਰ ਵੱਲੋਂ ਮੇਰੀ ਤਾਜਪੋਸ਼ੀ ਦੇ ਜਸ਼ਨ ਮਨਾਏ ਗਏ। ਇਹ ਬਹੁਤ ਵੱਡੀ ਅਹਿਮੀਅਤ ਵਾਲੀ ਇਤਿਹਾਸਿਕ ਘਟਨਾ ਸੀ, ਸੋ ਮੇਰੇ ਹਿਤੈਸ਼ੀਆਂ ਨੇ ਘਿਉ ਦੇ ਦੀਵੇ ਜਗਾਏ। ਭਰ ਗਿੱਲ-ਗਿਆਨੀ ਰਾਜ ਥੁੜ-ਚਿਰਾ ਸਾਬਤ ਹੋਇਆ। ਇਸ ਦਾ ਤਖ਼ਤਾ ਉਲਟਣ ਦੀ ਦੇਰ ਸੀ ਕਿ ਮੇਰੀ ਸੁਰੱਖਿਆ ਲਈ ਬਣਾਈ ਕਾਨੂੰਨੀ ਵਾੜਬੰਦੀ ਨੂੰ ਵਜ਼ੀਰਾਂ ਤੇ ਸਕੱਤਰਾਂ ਦੀ ਪੱਧਰ ਉੱਤੇ ਖੁੱਲ੍ਹਮ-ਖੁੱਲ੍ਹਾ ਉਲੰਘਿਆ ਜਾਣਾ ਸ਼ੁਰੂ ਹੋ ਗਿਆ। ਕਰੀਬ ਕਰੀਬ ਸਾਰੀ ਉਚੇਰੀ ਪੱਧਰ ਦੀ ਸਰਕਾਰੀ ਲਿਖਾ-ਪੜ੍ਹੀ ਅੰਗਰੇਜ਼ੀ ਵਿਚ ਹੋਣ ਲੱਗ ਪਈ। ਜਿਸ ਸਿਆਸੀ ਪਾਰਟੀ ਨੇ ਇਕ ਭਾਸ਼ਾ ਪੰਜਾਬੀ ਸੂਬੇ ਲਈ ਸਭ ਤੋਂ ਵੱਧ ਸੰਘਰਸ਼ ਕੀਤਾ ਸੀ, ਵਜ਼ਾਰਤ ਦੀ ਕੁਰਸੀ ਮਿਲਦੇ ਸਾਰ ਉਸ ਦੇ ਜਥੇਦਾਰਾਂ ਨੇ, ਪੰਜਾਬ ਦੀ ਉੱਚ ਅਫ਼ਸਰਸ਼ਾਹੀ ਦੀ ਨਕਲ ਵਿਚ, ਆਪਣੇ ਬੱਚੇ ਵੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਭੇਜਣੇ ਸ਼ੁਰੂ ਕਰ ਦਿੱਤੇ। ਭੇਡ-ਚਾਲ ਕਰਕੇ ਅੰਗਰੇਜ਼ੀ ਸਕੂਲਾਂ ਦੀ ਮੰਗ ਵਧ ਗਈ। ਅੰਗਰੇਜ਼ੀ ਦੇ ਗਿਆਨ ਨੂੰ ਹਰ ਤਰ੍ਹਾਂ ਦੀ ਤਰੱਕੀ ਦਾ ਦਰਵਾਜ਼ਾ ਸਮਝ ਲਿਆ ਗਿਆ। ਨੌਬਤ ਇਥੋਂ ਤਕ ਪਹੁੰਚ ਗਈ ਕਿ ਇਕ-ਭਾਸ਼ੀ ਪੰਜਾਬੀ ਸੂਬੇ ਦੀ ਕਾਇਮੀ ਲਈ ਲੱਖਾਂ ਬੰਦੇ ਗ੍ਰਿਫ਼ਤਾਰ ਕਰਾਉਣ ਵਾਲੇ ਦਲ ਦੀ ਹਕੂਮਤ ਨੇ ਕੱਚੀ ਪਹਿਲੀ ਜਮਾਤ ਤੋਂ ਹਰ ਸਰਕਾਰੀ ਸਕੂਲ ਵਿਚ ਮੇਰੇ ਨਾਲ ਮੇਰੀ ਸੌਂਕਣ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਬਣਾ ਦਿੱਤੀ। ਇਕ-ਭਾਸ਼ੀ ਪੰਜਾਬ ਨੂੰ ਗਿਆਨੀ ਜ਼ੈਲ ਸਿੰਘ ਜੀ, ਆਪਣੀ ਚੀਫ਼ ਮਨਿਸਟਰੀ ਦੌਰਾਨ ਹਿੰਦੀ ਦੀ ਲਾਜ਼ਮੀ ਪੜ੍ਹਾਈ ਨਾਲ, ਇਕ ਤਰ੍ਹਾਂ ਦੋ-ਭਾਸ਼ੀ ਪੰਜਾਬ ਬਣਾ ਗਏ ਸਨ, ਪਰ ਹਿੰਦੀ ਭਾਸ਼ਾ, ਸਕੱਤਰੇਤ ਤੇ ਉਚੇਰੀ ਪੜ੍ਹਾਈ ਦੇ ਮਾਧਿਅਮ ਵਾਲੇ ਪਾਸੇ ਕੋਈ ਖ਼ਾਸ ਦਖ਼ਲ ਨਹੀਂ ਸੀ ਦੇਂਦੀ, ਪਰ ਜਦੋਂ ਅੰਗਰੇਜ਼ੀ ਚਾਲੂ ਕੀਤੀ ਗਈ ਤਾਂ ਪੰਜਾਬ, ਬਿਨਾਂ ਕਿਸੇ ਸਰਕਾਰੀ ਐਲਾਨ ਦੇ ਤਿਭਾਸ਼ੀ ਸੂਬਾ ਬਣ ਗਿਆ। ਅੰਗਰੇਜ਼ੀ ਦਾ ਅੱਗੇ ਹੀ ਸਕੱਤਰੇਤ ਉੱਤੇ ਕਬਜ਼ਾ ਸੀ। ਯੂਨੀਵਰਸਿਟੀਆਂ ਵਿਚ ਵੀ ਅੱਗੇ ਨਾਲੋਂ ਅੰਗਰੇਜ਼ੀ ਦੀ ਚੜ੍ਹਤ ਵਧ ਗਈ। ਲਛਮਣ ਸਿੰਘ—ਲਾਲ ਸਿੰਘ ਦੀ ਕੀਤੀ-ਕਿਤਾਈ ਉੱਤੇ ਪਾਣੀ ਫਿਰ

ਗਿਆ। ਇਸ ਵੇਲੇ ਹਾਲਤ ਇਹ ਬਣ ਚੁੱਕੀ ਹੈ ਕਿ ਪੰਜਾਬ ਦੀ ਤਰੱਕੀ ਅੰਗਰੇਜ਼ੀ ਨਾਲ ਬੱਝੀ ਹੋਈ ਹੈ ਤੇ ਜੇ ਅੰਗਰੇਜ਼ੀ ਕੱਚੀ ਪਹਿਲੀ ਤੋਂ ਨਾ ਪੜ੍ਹਾਈ ਗਈ ਤਾਂ ਪੰਜਾਬ ਦੇ ਬੱਚੇ ਹਰ ਖੇਤਰ ਵਿਚ ਫਾਡੀ ਰਹਿ ਜਾਣਗੇ। ਚੜ੍ਹਦੇ ਪੰਜਾਬ ਦੀ ਕੋਈ ਪਾਰਟੀ ਇਹ ਸੁਣਨ ਨੂੰ ਤਿਆਰ ਨਹੀਂ ਕਿ ਜੇ ਮੈਂ ਆਪਣੇ ਬੱਚਿਆਂ ਨੂੰ ਪਹਿਲੀਆਂ ਚਾਰ ਜਮਾਤਾਂ ਪੜ੍ਹਾ ਦਿਆਂ ਤੇ ਪੰਜਵੀਂ ਜਮਾਤ ਤੋਂ ਅੰਗਰੇਜ਼ੀ ਚਾਲੂ ਹੋ ਜਾਵੇ ਤਾਂ ਅੰਗਰੇਜ਼ੀ ਵਿਚ ਮੁਹਾਰਤ ਵੀ ਪੂਰੀ ਹੋਵੇਗੀ ਤੇ ਮੇਰਾ ਹੱਕ ਵੀ ਨਹੀਂ ਮਰੇਗਾ। ਮੇਰੇ ਹਿਤੈਸ਼ੀ ਇਹ ਨਿੱਕਾ ਜਿਹਾ ਨੁਕਤਾ ਸਮਝਾਉਣ ਲਈ ਹਿੰਸਕ ਕਾਰਵਾਈ ਤੋਂ ਉਰੇ ਉਰੇ, ਸਾਰੇ ਹਥਿਆਰ ਵਰਤ ਚੁੱਕੇ ਨੇ, ਪਰ 'ਕੰਨੀ ਬੁਜੇ ਦੇ ਰਹਾਂ ਕਿਤੇ ਵਗੇ ਪਉਣ'। ਜਿਵੇਂ ਲਹਿੰਦੇ ਪੰਜਾਬ ਦੀ ਸਰਕਾਰ ਪੰਜਾਬੀ-ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੀ ਹੈ, ਓਵੇਂ ਹੀ ਚੜ੍ਹਦੇ ਪੰਜਾਬ ਦੀ ਸਰਕਾਰ ਵੀ ਆਪਣੇ ਪੰਜਾਬੀ-ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਮ ਭਰਦੀ ਹੈ, ਪਰ ਆਪੋ-ਆਪਣੇ ਲੋਕਾਂ ਦੀ ਬੋਲੀ ਸਾਰੇ ਦੋਵੇਂ ਸਰਕਾਰਾਂ ਫੱਫੇ ਕੁੱਟਣੀ ਨੂੰ ਮਾਂ ਨਾਲੋਂ ਹੇਜਲੀ ਮੰਨੀ ਬੈਠੀਆਂ ਨੇ। ਦੁਹਾਂ ਪਾਸਿਆਂ ਦੀਆਂ ਹੁਕਮਰਾਨ ਜਮਾਤਾਂ ਆਪਣੀ ਮਾਂ-ਬੋਲੀ ਦਾ ਮੁੱਲ ਕਿਸੇ ਫ਼ੁਟ-ਪੈਡ ਤੋਂ ਵੱਧ ਨਹੀਂ ਪਾਉਂਦੀਆਂ। ਕਿਹਾ ਜਾ ਸਕਦਾ ਹੈ ਕਿ ਚੜ੍ਹਦੇ ਪੰਜਾਬ ਵਿਚ ਅਜੇ ਮੇਰਾ ਹਾਲ ਪਾਕਿਸਤਾਨੀ ਪੰਜਾਬ ਵਾਲਾ ਨਹੀਂ ਹੋਇਆ। ਮੈਨੂੰ ਕਿਸੇ ਹਾਲ ਵਿਚ ਰਹਿਣ ਦੇਣ, ਮੈਂ ਤਾਂ ਫੇਰ ਵੀ ਸ਼ੁਕਰ ਮਨਾਵਾਂਗੀ, ਪਰ ਜਿਵੇਂ ਦੁਹਾਂ ਪਾਸਿਆਂ ਦੇ ਮਾਪੇ, ਸਰਕਾਰਾਂ ਦੀ ਬੇਰੁਖ਼ੀ ਦੀ ਸੁਰ ਨਾਲ ਆਪਣੀ ਸੁਰ ਮਿਲਾਉਣ ਲੱਗ ਪਏ ਨੇ, ਉਸ ਨਾਲ ਬਿਲਾਸ਼ੱਕ ਸਮਝ ਲਓ, ਮੇਰੀਆਂ ਅੱਖਾਂ ਦੇ ਤਾਰਿਓ! ਮੈਨੂੰ ਸਿਵਿਆਂ ਦੇ ਰਾਹ ਉੱਤੇ ਪਾਇਆ ਜਾ ਚੁੱਕਿਆ ਹੈ।

"ਗ਼ੁਲਾਮੀ ਤੇ ਆਜ਼ਾਦੀ ਵਿਚ ਬਿਤਾਏ ਦਿਨਾਂ ਦੀ ਵਿਥਿਆ ਤੁਸੀਂ ਆਪਣੀ ਮਾਂ ਕੋਲੋਂ ਸੁਣੀ ਹੈ। ਮਤੇ ਤੁਹਾਡੇ ਵਿੱਚੋਂ ਕਿਸੇ ਨੂੰ ਭੁਲੇਖਾ ਲੱਗੇ ਕਿ ਪਾਕਿਸਤਾਨੀ ਪੰਜਾਬ ਵਿਚ ਸਾਡੀ ਮਾਂ ਦੇ ਬੜੇ ਗਰਮਜੋਸ਼ ਹਿਮਾਇਤੀ ਮੌਜੂਦ ਨੇ, ਜੋ ਆਪਣੀ ਮਾਂ ਨੂੰ ਕਬਰਿਸਤਾਨ ਵੱਲ ਨਹੀਂ ਜਾਣ ਦੇਣਗੇ। ਮੈਥੋਂ ਕੀ ਭੁੱਲਿਆ ਹੋਇਐ ? ਦੁਹਾਂ ਪਾਸਿਆਂ ਦੇ ਬੜੇ ਤੇਜ਼-ਤਰਾਰ ਹਮਾਇਤੀ ਇਥੇ ਵੀ ਬੈਠੇ ਹੋਏ ਨੇ। ਚੜ੍ਹਦੇ ਪੰਜਾਬ ਵਿਚ ਤਾਂ ਦਰਜਨਾਂ ਰੋਜ਼ਾਨਾ ਅਖ਼ਬਾਰਾਂ ਨੇ, ਯੂਨੀਵਰਸਿਟੀਆਂ ਵੀ ਨੇ ਤੇ ਖੋਜਸ਼ਾਲਾਵਾਂ ਵੀ ਨੇ; ਸੈਂਕੜਿਆਂ ਦੀ ਗਿਣਤੀ ਵਿਚ ਕਿਤਾਬਾਂ ਹਰ ਸਾਲ ਛਪਦੀਆਂ ਨੇ, ਸੋ ਤੁਸੀਂ ਕਹਿ ਸਕਦੇ ਹੋ ਕਿ ਮਾਂ ਤਾਂ ਐਵੇਂ ਯਰਕੀ ਜਾਂਦੀ ਹੈ, ਅਸੀਂ ਜੁ ਬੈਠੇ ਹਾਂ, ਇਸ ਦੇ ਰਾਖੇ। ਮੈਂ ਕਹਿੰਦੀ ਹਾਂ, ਮੇਰੇ ਹੀਰਿਓ! ਤੁਸੀਂ ਜੁਗ ਜੁਗ ਜੀਓ! ਤੁਸੀਂ ਆਪਣੀ ਥਾਂ ਸੱਚੇ ਹੋ, ਬੇਸ਼ੱਕ ਕਹੋ ਕਿ ਸਾਡੀ ਮਾਂ ਨੂੰ ਸਦੀਆਂ ਦੀ ਗ਼ੁਲਾਮੀ ਵਿਚ ਜੀਉਂਦੇ ਰਹਿਣ ਦਾ ਵੱਲ ਆਉਂਦਾ ਹੈ। ਇਸ ਨੇ ਓਦੋਂ ਹੌਸਲਾ ਨਹੀਂ ਸੀ ਹਾਰਿਆ, ਹੁਣ ਤਾਂ ਹਰ ਪਾਸੇ ਲਹਿਰ-ਬਹਿਰ ਹੈ, ਐਵੇਂ ਪਤਾ ਨਹੀਂ ਕਿਉਂ ਮਰੂੰ ਮਰੂੰ ਕਰੀ ਜਾਂਦੀ ਹੈ ?

"ਜੀਉਣ ਜੋਗਿਓ! ਮੈਨੂੰ ਸਿਵੇ ਇਸ ਕਰਕੇ ਦਿੱਸਣ ਲੱਗ ਪਏ ਨੇ ਕਿ ਦੁਹਾਂ ਪੰਜਾਬਾਂ ਦੇ ਮਾਪੇ ਮੇਰਾ ਲੜ ਛੱਡ ਗਏ ਨੇ। ਸਰਕਾਰਾਂ ਦੇ ਵਜ਼ੀਰਾਂ, ਉੱਚੇ ਅਧਿਕਾਰੀਆਂ ਤੇ ਯੂਨੀਵਰਸਿਟੀਆਂ ਨੇ ਇੱਕੋ ਰਟ ਲਾਈ ਹੋਈ ਹੈ ਕਿ ਪੰਜਾਬੀ ਵਿਚ ਉਚੇਰੀ ਸਿੱਖਿਆ

ਦਾ ਮਾਧਿਅਮ ਬਣਨ ਦੀ ਨਾ ਸਮਰਥਾ ਹੈ ਨਾ ਕੁਸ਼ਲਤਾ। ਇਸ ਲਈ ਇਸ ਨੂੰ ਮਨਾਓ ਬਈ ਅੱਗੇ ਵਾਂਗ ਹੀ ਗ਼ੈਰ-ਤਕਨੀਕੀ, ਗ਼ੈਰ-ਵਿਸ਼ੇਸ਼ੱਗ ਖੇਤਰਾਂ ਵਿਚ ਮਜ਼ੇ ਨਾਲ ਰਹੀ ਜਾਏ। ਇਹ ਨਾ ਮਹਿਲਾਂ ਵਿਚ, ਨਾ ਯੂਨੀਵਰਸਿਟੀਆਂ ਵਿਚ, ਨਾ ਗੰਭੀਰ ਪੇਸ਼ਾਵਰਾਨਾ ਗੋਸ਼ਟੀਆਂ ਵਿਚ ਭਾਗ ਲੈਣ ਜੋਗੀ ਹੈ। ਗਲੀਆਂ-ਬਾਜ਼ਾਰਾਂ ਵਿਚ ਜੰਮ ਜੰਮ ਬੁਲੀਂਦੇ ਰਹੇ, ਇਸ ਨੂੰ ਕੋਈ ਨਹੀਂ ਰੋਕੇਗਾ।

"ਮੇਰੇ ਅਜ਼ੀਜ਼ੋ! ਤੁਸੀਂ ਤਾਂ ਸਾਰੇ ਬਹੁਤ ਜ਼ਿਆਦਾ ਪੜ੍ਹੇ ਹੋਏ ਹੋ, ਮੈਨੂੰ ਚੰਗੀ ਤਰ੍ਹਾਂ ਸੋਚ ਕੇ ਦੱਸੋ ਕਿ ਵੈਸ਼ਵਿਕਤਾ (Globalization) ਦੀ ਜਿਸ ਤੇਜ਼ ਲਹਿਰ ਦੀ ਲਪੇਟ ਵਿਚ ਆ ਚੁੱਕੀ 21ਵੀਂ ਸਦੀ ਵਿਚ ਤੁਸੀਂ ਵਿਚਰ ਰਹੇ ਹੋ, ਕੀ ਉਸ ਵਿਚ ਆਪਣੀ ਸਰਕਾਰ, ਉਚੇਰੇ ਬੁੱਧੀਮਾਨ ਤਬਕੇ ਤੇ ਮਾਪਿਆਂ ਵੱਲੋਂ ਦੁਰਕਾਰੀ ਹੋਈ ਭਾਸ਼ਾ, ਦੁਖ-ਸੁਖ ਤੇ ਇਸ਼ਕ-ਮੁਸ਼ਕ ਦੇ ਬਿਆਨਾਂ ਤੋਂ ਸਿਵਾ ਹੋਰ ਕਿਹੜੀ ਨਿਵਾਲ ਖੋਹ ਸਕਦੀ ਹੈ?

"ਮੇਰੇ ਸਵਾਲ ਦਾ ਜਵਾਬ ਤਾਂ ਤੁਸੀਂ ਆਰਾਮ ਨਾਲ ਲੱਭਦੇ ਰਹਿਓ, ਪਰ ਪਹਿਲਾਂ ਮੇਰੇ ਹਮਦਰਦੋ! 21ਵੀਂ ਸਦੀ ਦੀਆਂ ਪੂਰੀਆਂ ਦੀਆਂ ਪੂਰੀਆਂ ਭਾਸ਼ਾਵਾਂ ਡਕਾਰ ਜਾਣ ਦੇ ਭੋਖੜੇ ਦੀ ਵਾਰਤਾ ਵਿਦਵਾਨ ਜਾਣਕਾਰਾਂ ਪਾਸੋਂ ਸੁਣ ਲਓ:

"ਲੰਡਨ ਤੋਂ ਨਿਕਲਦੇ ਇਕ ਬੜੇ ਸਿੱਕੇਬੰਦ ਰਿਸਾਲੇ *ਦ ਇਕੋਨੌਮਿਸਟ* ਦੇ ਪਹਿਲੀ ਜਨਵਰੀ, 2005 ਦੇ ਅੰਕ ਵਿਚ ਸਾਰੀ ਦੁਨੀਆ ਦੀਆਂ ਖ਼ਤਰੇ ਵਿਚ ਘਿਰੀਆਂ ਭਾਸ਼ਾਵਾਂ ਬਾਰੇ ਇਕ ਵਿਸ਼ੇਸ਼ ਰਪੋਟ ਛਪੀ ਸੀ, ਜਿਸ ਦਾ ਸਿਰਲੇਖ ਸੀ:

Babel Run Backwards ਤੇ

ਉਪ-ਸਿਰਲੇਖ ਸੀ:

The World's Languages are Disappearing at the
Rate of One a Fortnight.

"ਇਹ ਰਪੋਟ ਤੁਹਾਡੇ ਵਰਗੇ ਮੇਰੀ ਚਿਰਜੀਵਤਾ ਦੇ ਇੱਛਕ ਦੁਲਾਰਿਆਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ। ਹਾਲਾਤ ਜਿੰਨੀ ਤੇਜ਼ੀ ਨਾਲ ਬਦਲ ਰਹੇ ਨੇ, ਅੱਗੋਂ ਹੋਰ ਬਦਲਣ ਦੀ ਬੜੀ ਵੱਡੀ ਸੰਭਾਵਨਾ ਹੈ, ਇਸ ਤੋਂ ਮੇਰੇ ਬੱਚੇ ਪੂਰੀ ਤਰ੍ਹਾਂ ਅਵੇਸਲੇ ਜਾਪ ਰਹੇ ਨੇ। ਰਪੋਟ ਅਨੁਸਾਰ ਅੱਜ ਦੀ ਦੁਨੀਆ ਵਿਚ ਆਪਣੀ ਵੱਖਰੀ ਪਛਾਣ ਵਾਲੀਆਂ ਕੁਲ 6,800 ਭਾਸ਼ਾਵਾਂ ਮੌਜੂਦ ਨੇ, ਜਿਨ੍ਹਾਂ ਵਿੱਚੋਂ 400 ਮਰਨ ਕਿਨਾਰੇ ਪਈਆਂ ਨੇ।

ਵਿਸ਼ਵੀਕਰਨ ਦਾ ਨਵਾਂ ਦੈਂਤ ਹਰ ਮਹੀਨੇ ਦੋ ਬੋਲੀਆਂ ਚਟਮ ਕਰਨ ਲੱਗ ਪਿਆ ਹੈ। ਤੁਹਾਡੇ ਸਮਝਣ ਵਾਲੀ ਵੱਡੀ ਗੱਲ ਹੈ ਕਿ ਪਿਛਲੇ ਜੁਗਾਂ ਵਿਚ ਜਰਵਾਣੇ, ਆਪਣੀ ਰਿਆਇਆ ਉੱਤੇ ਆਪਣੀ ਭਾਸ਼ਾ ਬਦੋ-ਬਦੀ ਠੋਸਦੇ ਸਨ, ਪਰ ਵਿਸ਼ਵੀਕਰਨ ਦੇ ਜੁਗ ਵਿਚ ਬੁਲਾਰੇ ਆਪਣੀ ਮਰਜ਼ੀ ਨਾਲ, ਬਲਕਿ ਖ਼ੁਸ਼ੀ ਨਾਲ, ਆਪਣੀ ਮਾਂ-ਬੋਲੀ ਬਣਾਉਣ ਵਿਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਨੇ। ਹਾਏ ਓਏ, ਮੇਰੇ ਪੁੱਤਰੋ! ਕਿਥੇ ਗਏ ਉਹ ਲੋਕ ਜਿਨ੍ਹਾਂ ਨੂੰ ਪਤਾ ਸੀ ਕਿ ਮਾਂ-ਬੋਲੀ ਗਈ ਤਾਂ ਕਲਚਰ ਵੀ ਗਿਆ ਤੇ ਤੁਹਾਡੀ ਵੱਖਰੀ ਪਛਾਣ ਵੀ ਗਈ।

"ਜੀਉਣ ਜੋਗਿਓ ! ਤੁਸੀਂ ਮੈਨੂੰ ਸਿਵਿਆਂ ਦੇ ਰਾਹ ਦੀ ਗੱਲ ਨਹੀਂ ਕਰਨ ਦੇਂਦੇ, ਪਰ 21ਵੀਂ ਸਦੀ ਦੇ ਭਾਸ਼ਾਵਾਂ ਨੂੰ ਹੜੱਪ ਕਰਨ ਦੇ ਲੱਛਣ ਦੇ ਪ੍ਰਸੰਗ ਵਿਚ ਮੈਨੂੰ ਰੱਖ ਕੇ ਵੇਖੋ ਤਾਂ ਸਹੀ ਕਿ ਬਾਬਾ ਫ਼ਰੀਦ, ਗੁਰੂ ਨਾਨਕ ਦੇਵ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੰਮਦ ਤੇ ਪੂਰਨ ਸਿੰਘ ਦਾ ਅਤੇ ਤੁਹਾਡੀ ਮਾਂ ਦਾ ਕੱਲ੍ਹ ਨੂੰ ਕੀ ਹਸ਼ਰ ਹੋਣ ਵਾਲਾ ਹੈ ? ਅੱਜ ਦੇ ਹਾਲਾਤ ਵਿਚ ਮੈਂ ਆਪਣੇ ਆਪ ਨੂੰ ਕਿਵੇਂ ਵੇਖਦੀ ਹਾਂ, ਇਹ ਸੱਚੋ ਸੱਚ ਦੱਸਾਂ ਤਾਂ ਕੀ ਤੁਸੀਂ ਸੁਣ ਸਕੋਗੇ ? ਸੁਣੋ :

1. ਪਹਿਲੀ ਗੱਲ ਤੁਹਾਡੇ ਧਿਆਨ-ਗੋਚਰੀ ਇਹ ਹੈ ਕਿ ਦੁਨੀਆ ਵਿਚ ਇਸ ਵੇਲੇ ਜਿੰਨੇ ਵੀ ਮਜ਼ਮੂਨ ਨੇ, ਉਨ੍ਹਾਂ ਦੇ ਸਹੀ, ਸੰਪੂਰਨ ਤੇ ਨਿਸਚਿਤ ਅਰਥ-ਘੇਰੇ ਨੂੰ ਪ੍ਰਗਟਾਉਣ ਵਾਲੇ ਲਫ਼ਜ਼ੀ ਭਾਂਡੇ ਮੇਰੇ ਪਾਸ ਨਹੀਂ ਹਨ। ਤੁਹਾਡੇ ਬਜ਼ੁਰਗਾਂ ਨੇ ਮੈਨੂੰ ਉਨ੍ਹਾਂ ਤਜਰਬਾ-ਘਰਾਂ ਵਿਚ ਦਾਖ਼ਲ ਹੋਣ ਦਾ ਹੱਕ ਲੈ ਕੇ ਹੀ ਨਹੀਂ ਸੀ ਦਿੱਤਾ, ਜਿਨ੍ਹਾਂ ਵਿਚ ਆਮ ਲਫ਼ਜ਼ਾਂ ਨੂੰ ਖ਼ਾਸ ਅਰਥ ਦਿੱਤੇ ਜਾਂਦੇ ਨੇ ਜਾਂ ਨਵੇਂ ਲਫ਼ਜ਼ ਘੜ ਕੇ ਜਾਂ ਉਧਾਰ ਲੈ ਕੇ ਆਪਣੀਆਂ ਉਚੇਰੀਆਂ ਲਫ਼ਜ਼ੀ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਮੇਰਾ ਪਛੜੇਵਾਂ ਮੇਰੇ ਬੱਚਿਆਂ ਦੀ ਮਿਹਰਬਾਨੀ ਕਰਕੇ ਹੀ ਹੈ, ਇਸ ਵਿਚ ਮੇਰਾ ਕਸੂਰ ਕੋਈ ਨਹੀਂ। ਮੈਂ ਇਸ ਵੇਲੇ ਆਪਣੇ ਪੂਰੇ ਜੋਬਨ ਵਿਚ ਨਹੀਂ ਹਾਂ, ਫਿਰ ਵੀ ਮੇਰਾ ਦਾਅਵਾ ਹੈ ਕਿ ਮੈਨੂੰ ਪੰਜ ਸੱਤ ਸਾਲ ਦੀ ਪੂਰੀ ਛੁੱਟੀ ਦੇ ਦਿਓ ਤੇ ਫਿਰ ਵੇਖੋ ਕਿ ਮੈਂ ਸਦੀਆਂ ਦਾ ਫ਼ਾਸਲਾ ਕਿਵੇਂ ਛਾਲਾਂ ਮਾਰ ਕੇ ਪੂਰਦੀ ਹਾਂ ! ਪਰ ਅਫ਼ਸੋਸ, ਮੈਨੂੰ ਇਹ ਮੁਹਲਤ ਲੈ ਕੇ ਦੇਣ ਵਾਲਾ ਕੋਈ ਸੂਰਮਾ ਦਿੱਸ ਨਹੀਂ ਰਿਹਾ।
2. ਤੁਸੀਂ ਪਿੱਛੇ ਜਿਹੇ ਅਖ਼ਬਾਰਾਂ ਵਿਚ ਖ਼ਬਰ ਪੜ੍ਹੀ ਹੀ ਹੋਵੇਗੀ ਕਿ ਫ਼ਰਾਂਸ ਦੇ ਰਾਸ਼ਟਰਪਤੀ ਸ਼ਿਰਾਕ ਹੁਰਾਂ ਜਦੋਂ ਫ਼ਰਾਂਸ ਦੇ ਇਕ ਕਲਾਕਾਰ ਨੂੰ ਯੂਰਪ ਦੀ ਪਾਰਲੀਮੈਂਟ ਵਿਚ, ਆਪਣੀ ਭਾਸ਼ਾ ਫ਼ਰਾਂਸੀਸੀ ਦੀ ਥਾਂ ਅੰਗਰੇਜ਼ੀ ਵਿਚ ਬੋਲਦਿਆਂ ਸੁਣਿਆ ਤਾਂ ਉਹ ਰੋਸ ਵਜੋਂ ਪਾਰਲੀਮੈਂਟ ਵਿੱਚੋਂ ਉੱਠ ਕੇ ਬਾਹਰ ਚਲੇ ਗਏ—ਹੋਵੇ ਫ਼ਰਾਂਸੀਸੀ ਬੰਦਾ ਤੇ ਕਿਸੇ ਬੈਠਕ ਵਿਚ, ਭਾਵੇਂ ਉਹ ਅੰਤਰ-ਰਾਸ਼ਟਰੀ ਹੀ ਕਿਉਂ ਨਾ ਹੋਵੇ, ਆਪਣੀ ਭਾਸ਼ਾ ਨੂੰ ਛੱਡ ਕੇ ਕਿਸੇ ਹੋਰ ਭਾਸ਼ਾ ਵਿਚ ਕਿਉਂ ਬੋਲੇ ? ਖਿਮਾ ਕਰਨਾ, ਇਸ ਤਰ੍ਹਾਂ ਮੇਰੀ ਅਣਖ ਨੂੰ ਪੰਜਾਬ ਦੀ ਅਣਖ ਮੰਨਣ ਵਾਲਾ ਜੋਧਾ ਪੁੱਤਰ ਮੈਨੂੰ ਕਿਤੇ ਨਹੀਂ ਦਿੱਸ ਰਿਹਾ।
3. ਅੱਗੇ ਸਿੱਖਾਂ ਨੇ ਆਪਣੇ ਆਪ ਨੂੰ ਮੇਰੇ ਨਾਲ ਸੀਤਾ ਹੋਇਆ ਸੀ, ਹੁਣ ਕੀ ਪੰਜਾਬ ਵਿਚ ਤੇ ਕੀ ਪੰਜਾਬੋਂ ਬਾਹਰ, ਸਿੱਖਾਂ ਉੱਤੇ ਵੀ, ਮੇਰੇ ਨਾਲ ਆਪਣੇ ਪੁਸ਼ਤੈਨੀ ਸਾਕ ਨੂੰ ਤੋੜ ਦੇਣ ਦਾ ਮਿਹਣਾ ਅਸਰ ਨਹੀਂ ਕਰਦਾ। ਤੁਹਾਨੂੰ ਨਹੀਂ ਲੱਗਦਾ ਹੋਣਾ, ਪਰ ਮੇਰੀ ਹਾਲਤ ਤਾਂ ਨਿਖਸਮੀਆਂ ਛੁੱਟੜਾਂ ਤੋਂ ਵੀ ਬਦਤਰ ਹੋ ਚੁੱਕੀ ਹੈ।

4. 21ਵੀਂ ਸਦੀ ਵਿਚ ਮੇਰੇ ਉੱਤੇ ਸਭ ਤੋਂ ਮਾਰੂ ਵਾਰ ਮਾਪਿਆਂ ਨੇ ਕੀਤਾ ਹੈ, ਜੋ ਮੇਰੇ ਸਾਹਮਣੇ ਆਪਣਿਆਂ ਬੱਚਿਆਂ ਨੂੰ ਮੇਰੇ ਤੋਂ ਮੂੰਹ ਮੋੜ ਲੈਣ ਲਈ ਵਿਤੋਂ ਬਾਹਰਾ ਜਤਨ ਕਰ ਰਹੇ ਨੇ।

"ਇਹ ਹੈ ਮੇਰੀ ਅੱਜ ਦੀ ਹਾਲਤ, ਜਿਸ ਤਕ, ਮੈਨੂੰ, ਖਿਮਾ ਕਰਨਾ, ਤੁਹਾਡੇ ਬਜ਼ੁਰਗਾਂ ਦੀ ਅਣਗਹਿਲੀ ਨੇ ਪਹੁੰਚਾਇਆ ਹੈ। ਮੇਰੀਆਂ ਬੁੱਢੀਆਂ ਅੱਖਾਂ ਦੇ ਤਾਰਿਓ! ਤੁਸੀਂ ਮੇਰਾ ਸਿਮਰਨ ਕਰਨ ਲਈ ਇਥੇ ਆਉਣ ਦੀ ਖੇਚਲ ਕੀਤੀ ਹੈ, ਤੁਹਾਡਾ ਬਹੁਤ ਸਾਰਾ ਸ਼ੁਕਰੀਆ! ਤੁਸੀਂ ਜੁਗ ਜੁਗ ਜੀਓ! ਮੈਨੂੰ ਪਤਾ ਹੈ ਇੱਥੇ ਮੇਰੇ ਉਹ ਪੁੱਤਰ ਵੀ ਬੈਠੇ ਹੋਏ ਨੇ, ਜੋ ਮੇਰੇ ਭਲੇ ਲਈ ਕੁੱਝ ਵੀ ਕਰਨ ਨੂੰ ਤਿਆਰ ਹੋਣਗੇ, ਪਰ ਅੰਗਰੇਜ਼ੀ ਦਾ ਇਕ ਮੁਹਾਵਰਾ ਹੈ ਕਿ 'ਨਰਕਾਂ ਨੂੰ ਜਾਂਦਾ ਰਾਹ ਸ਼ੁਭ ਇੱਛਾਵਾਂ ਨਾਲ ਅੱਟਿਆ ਪਿਆ ਹੈ।' ਮੇਰੇ ਲਈ ਤੁਹਾਡੀਆਂ ਸ਼ੁਭ ਇੱਛਾਵਾਂ ਦਾ ਬਹੁਤ ਸਾਰਾ ਸ਼ੁਕਰੀਆ ਪਰ ਈਦ ਪਿੱਛੋਂ ਟਰੂ ਕਿਸ ਕੰਮ?

"ਮੈਂ *ਦ ਇਕੌਨੌਮਿਸਟ* ਅਨੁਸਾਰ ਘੱਟ ਬੁਲਾਰਿਆਂ ਕਾਰਨ ਮਰਨ ਵਾਲੀ ਭਾਸ਼ਾ ਨਹੀਂ ਹਾਂ, ਫਿਰ ਵੀ ਅੱਜ ਜਿਨ੍ਹਾਂ ਹਾਲਾਤ ਨੂੰ ਆਪਣੇ ਤਨ ਉੱਤੇ ਹੰਢਾ ਰਹੀ ਹਾਂ, ਜੇ ਉਹ ਜਾਰੀ ਰਹਿਣ ਤਾਂ ਮੇਰੇ ਸੁਲੱਖਣੇ ਪੁੱਤਰੋ! ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਹਾਡੀ ਪੜਪੋਤ ਔਲਾਦ ਨੂੰ ਮੇਰੀਆਂ ਬਰਸੀਆਂ ਮਨਾਉਣ ਲਈ ਤਿਆਰ ਰਹਿਣਾ ਹੀ ਪਵੇਗਾ।

"ਮੈਂ ਤੁਹਾਨੂੰ ਦੱਸ ਆਈ ਹਾਂ ਕਿ ਮੈਂ ਆਪਣੇ ਆਪ ਨੂੰ ਜੀਉਂਦਾ ਰੱਖ ਸਕੀ ਹਾਂ, ਕਿਉਂਕਿ ਕਿਰਸਾਨਾਂ, ਮਜੂਰਾਂ ਤੇ ਹਟਵਾਣੀਆਂ ਨੇ ਮੇਰਾ ਸਾਥ ਨਹੀਂ ਸੀ ਛੱਡਿਆ। ਜੋ ਵੀ ਰਚਨਾ, ਚੰਗੀ-ਮਾੜੀ, ਮੇਰੇ ਪੁੱਤਰਾਂ ਨੇ ਛੱਡੀ ਹੈ, ਓਹ ਓਸ ਨਿੱਘੇ ਸਾਕ ਦੀ ਉਪਜ ਹੈ, ਜੋ ਮੈਂ ਗ਼ਰੀਬ-ਗੁਰਬੇ ਨਾਲ ਬਣਾਇਆ ਹੋਇਆ ਸੀ। ਹੁਣ ਤੁਹਾਡਾ ਜ਼ਮਾਨਾ ਆਇਆ ਹੈ ਤਾਂ ਗ਼ਰੀਬ-ਗ਼ੁਰਬੇ ਨੂੰ ਵੀ ਅੰਗਰੇਜ਼ੀ ਨੇ ਮੇਰੇ ਪਾਸੋਂ ਖੋਹ ਲਿਆ ਹੈ। ਉੱਤੋਂ ਆ ਪਿਆ ਹੈ ਵਿਸ਼ਵੀਕਰਨ ਦਾ ਦੈਂਤ। ਰਹਿੰਦੀ-ਖੂੰਹਦੀ ਕਸਰ ਇਸ ਨੇ ਪੂਰੀ ਕਰ ਦਿੱਤੀ ਹੈ। ਗ਼ਰੀਬ ਕਿਰਤੀਆਂ-ਕਿਸਾਨਾਂ ਦੀ ਛੱਡੀ ਹੋਈ, ਸਰਕਾਰਾਂ-ਦਰਬਾਰਾਂ ਤੋਂ ਛੇਕੀ ਹੋਈ, ਮੇਰੇ ਵਰਗੀ ਅਸਲੋਂ ਲਾਵਾਰਸ ਬੋਲੀ ਨਾਲ ਵਿਸ਼ਵੀਕਰਨ ਦਾ ਪੜਦੈਂਤ ਕੀ ਸਲੂਕ ਕਰੇਗਾ? ਸੱਚ ਬੋਲਾਂ ਤਾਂ ਮੇਰਾ ਜੀ ਖੁੱਸਦਾ ਹੈ। ਕਿਸੇ ਨੂੰ ਫ਼ਿਕਰ ਨਹੀਂ ਕਿ ਮੈਂ ਹਾਂ ਤਾਂ ਤੁਹਾਡੀ ਵੱਖਰੀ ਪਛਾਣ ਹੈ, ਵਰਨਾ ਤੁਸੀਂ ਕੁੱਝ ਪਏ ਹੋਵੋ, ਬੇਪਛਾਣ ਭੀੜ ਵਿਚ ਤੁਰਦੇ ਖ਼ਾਲੀ ਖੋਖੇ ਹੋ। ਇਹ ਮਹਿਕਮੇ, ਇਹ ਯੂਨੀਵਰਸਿਟੀਆਂ, ਇਹ ਛਾਪੇਖ਼ਾਨੇ, ਇਹ ਮਹਾਨ ਕੋਸ਼, ਇਹ ਹਵਾਲਾ ਗ੍ਰੰਥ, ਇਹ ਇਨਾਮੀ ਰਚਨਾਵਾਂ ਸਭ ਧਰੀਆਂ-ਧਰਾਈਆਂ ਰਹਿ ਜਾਣਗੀਆਂ, ਕਿਉਂਕਿ ਮੈਂ ਹੋਣਾ ਨਹੀਂ।"

"ਭੈਣੋਂ ਤੇ ਭਰਾਵੋ! ਮਾਂ ਦੀ ਹੰਝੂਆਂ ਭਰੀ ਵਿਲੇ-ਗੁਜ਼ਾਰੀ ਤੁਸੀਂ ਸੁਣ ਲਈ ਹੈ। ਉਸ ਨੂੰ ਸਾਡੀ ਤੇ ਸਾਡੇ ਬਜ਼ੁਰਗਾਂ ਦੀ ਬੇਰੁਖ਼ੀ ਤੇ 21ਵੀਂ ਸਦੀ ਦੇ ਹੋਰ ਵੀ ਦੁਪਰਿਆਰੇ ਹਾਲਾਤ ਕਰਕੇ ਆਪਣੇ ਭਵਿੱਖ ਉੱਤੇ ਮਰਨ-ਮਿੱਟੀ ਦਾ ਲੇਪ ਹੋਇਆ

ਦਿੱਸਣ ਲੱਗ ਪਿਆ ਹੈ। ਪਰ ਮੈਂ ਅਜੇ ਉਸ ਦਾ ਬੋ-ਕਾਟਾ ਹੋ ਜਾਣ ਦੇ ਇਹਸਾਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ, ਕਿਉਂਕਿ ਅਸੀਂ ਹੁਣ ਤਕ ਉਸ ਵੱਲੋਂ ਬੇਮੁਖ ਰਹੇ ਬੱਚੇ, ਪੰਚਤੰਤਰੀ ਕਬੂਤਰਾਂ ਵਾਂਗ ਰਲ ਕੇ ਹੰਭਲਾ ਮਾਰੀਏ ਤਾਂ ਹੋ ਸਕਦਾ ਹੈ ਆਪਣੀ ਇਸ ਬੁੱਢੀ ਮਾਂ ਦੀ ਪਤੰਗ ਦੇ ਬੋ-ਕਾਟੇ ਨੂੰ ਕੁੱਝ ਚਿਰ ਲਈ ਜ਼ਰੂਰ ਟਾਲ ਸਕਾਂਗੇ ਤੇ ਕੋਈ ਵੱਡੀ ਗੱਲ ਨਹੀਂ, ਮਰਨ ਤੋਂ ਬਚਾਅ ਹੀ ਲਈਏ। ਮੇਰਾ ਮੂੰਹ ਛੋਟਾ ਹੈ, ਪਰ ਮੈਂ, ਆਪਣੇ ਹਮ- ਭਾਸ਼ੀ ਭੈਣਾਂ-ਭਰਾਵਾਂ ਉੱਤੇ ਭਰੋਸਾ ਕਰ ਕੇ ਬਾਤ ਵੱਡੀ ਕਰ ਬੈਠਾ ਹਾਂ। "ਰਲ ਕੇ ਹੰਭਲਾ ਮਾਰਨ" ਵਾਲੀ ਗੱਲ ਕਹਿਣੀ ਸੌਖੀ ਹੈ, ਪਰ ਸਿਰੇ ਚਾੜ੍ਹਨੀ ਬੇਹੱਦ ਔਖੀ ਹੈ। ਅਸੰਭਵ ਮੈਂ ਇਸ ਕਰਕੇ ਨਹੀਂ ਕਹਿੰਦਾ, ਕਿਉਂਕਿ ਇਸਰਾਈਲੀ ਇਕਮੁੱਠਤਾ ਨੇ ਸਾਡੀਆਂ ਅੱਖਾਂ ਦੇ ਸਾਹਮਣੇ, ਤਕਰੀਬਨ ਮੋਈ ਹੋਈ ਇਬਰਾਨੀ ਜ਼ਬਾਨ ਨੂੰ ਆਪਣੇ ਦੇਸ਼ ਦੀ ਜੀਉਂਦੀ ਜਾਗਦੀ ਮਹਾਰਾਣੀ ਬਣਾ ਦਿੱਤਾ ਹੈ।

ਇੱਕੀਵੀਂ ਸਦੀ ਦੀ ਮਾਰ ਤੋਂ ਉਹੀ ਬੋਲੀਆਂ ਬਚ ਸਕਦੀਆਂ ਨੇ, ਜਿਨ੍ਹਾਂ ਦਾ ਹਰ ਬੁਲਾਰਾ ਉਨ੍ਹਾਂ ਨੂੰ ਕੱਸ ਕੇ ਆਪਣੀ ਛਾਤੀ ਨਾਲ ਲਾਈ ਰੱਖੇ ਤੇ, ਉਸ ਦੀ ਥਾਂ ਮੱਲਣ ਲਈ ਤਿਆਰ ਬੈਠੀ ਬਦੇਸੀ, ਕਿਸੇ ਵੀ ਭਾਸ਼ਾ ਨੂੰ ਭਾਵੇਂ ਉਹ ਕਿੰਨੀ ਫ਼ਾਇਦੇਮੰਦ ਤੇ ਦਿਲਕਸ਼ ਕਿਉਂ ਨਾ ਹੋਵੇ, ਆਪਣੇ ਬੱਚਿਆਂ ਦੀਆਂ ਮੁੱਢਲੀਆਂ ਜਮਾਤਾਂ ਦੇ ਨੇੜੇ ਨਾ ਆਉਣ ਦੇਵੇ। ਜੇ ਹਰ ਪੰਜਾਬੀ ਆਪਣੀ ਮਾਂ-ਭਾਸ਼ਾ ਨਾਲ ਆਪਣੀ ਅਣਖ ਜੋੜ ਲਏ ਤਾਂ ਯਕੀਨ ਜਾਣੋ, ਪੰਜਾਬੀ ਨੂੰ ਕੋਈ ਨਹੀਂ ਮਾਰ ਸਕੇਗਾ। ਕੀ ਸਾਰੇ ਪੰਜਾਬੀਆਂ ਦਾ ਰੁਖ਼ ਇਸ ਪਾਸੇ ਵੱਲ ਮੋੜਿਆ ਜਾ ਸਕਦਾ ਹੈ ? ਜੇ ਜਵਾਬ ਹੈ 'ਹਾਂ' ਤਾਂ ਜਸ਼ਨ ਮਨਾਓ, ਪੰਜਾਬੀ ਜੀਏਗੀ; ਜੇ ਜਵਾਬ ਹੋਵੇ 'ਮੁਸ਼ਕਲ ਹੈ', ਤਾਂ ਪੰਜਾਬੀ ਨੂੰ 21ਵੀਂ ਸਦੀ ਦਾ ਸ਼ਿਕਾਰ ਬਣਨ ਤੋਂ ਰੋਕਣਾ 'ਬੜਾ ਮੁਸ਼ਕਲ' ਹੋਵੇਗਾ। ਇਹ ਮੇਰੀ ਸੋਗਮਈ ਭਵਿੱਸ਼-ਬਾਣੀ ਹੈ।

ਪੰਜਾਬੀ ਨੂੰ ਇੱਕੀਵੀਂ ਸਦੀ ਦਾ ਸ਼ਿਕਾਰ ਬਣਨ ਤੋਂ ਬਚਾਉਣ ਦਾ ਇੱਕੋ-ਇਕ ਰਾਹ

ਅੰਤ ਵਿਚ ਮੈਂ ਨਹੀਂ ਚਾਹੁੰਦਾ ਕਿ ਇਸ ਕਾਨਫ਼ਰੰਸ ਦੇ ਆਰੰਭਿਕ ਸ਼ਬਦਾਂ ਦੀ ਤਾਨ ਸੋਗੀ ਸੁਰਾਂ ਨਾਲ ਕਰਾਂ। ਮੈਨੂੰ ਯਕੀਨ ਹੈ, ਅੱਜ ਦੀ ਸਾਰੀ ਸੰਗਤ ਪੰਜਾਬੀ ਦੀ ਲੰਮੀ ਉਮਰ ਲਈ ਦੁਆ-ਗੋ ਹੈ, ਪਰ ਜ਼ਾਲਮ ਸਮੇਂ ਦੇ ਬੁਲਡੋਜ਼ਰ, ਬੁਲਾਰਿਆਂ ਦੀਆਂ ਦੁਆਵਾਂ ਤੋਂ ਬੇਪਰਵਾਹ ਹੋ ਕੇ ਚੰਗੀਆਂ-ਭਲੀਆਂ ਜ਼ਿੰਦਾ ਜ਼ਬਾਨਾਂ ਨੂੰ ਬੇਤਹਾਸ਼ਾ ਦਰੜੀ ਜਾਣ ਵਿਚ ਲੱਗਾ ਹੋਇਆ ਹੈ। ਪੰਜਾਬੀ ਨੂੰ ਇਸ ਦੈਂਤ ਤੋਂ ਕਿਵੇਂ ਬਚਾਈਏ? ਸੌਖਾ ਜਵਾਬ ਇਹ ਹੈ ਕਿ ਪੰਜਾਬੀ ਬੋਲਣ ਵਾਲਾ ਹਰ ਪ੍ਰਾਣੀ ਆਪਣੀ ਭਾਸ਼ਾ ਲਈ ਉਹ ਕੁੱਝ ਕਰਨ ਲਈ ਤਿਆਰ ਹੋਵੇ, ਜੋ ਰਾਜਸਥਾਨ ਦੇ ਸ੍ਰੀ ਜੰਬੇਸ਼ਵਰ ਜੀ ਨੂੰ ਗੁਰੂ ਮੰਨਣ ਵਾਲੇ ਬਿਸ਼ਨੋਈਆਂ ਨੇ, ਅੱਜ ਤੋਂ ਕਈ ਪੌਣੇ ਤਿੰਨ ਸੌ ਵਰ੍ਹੇ ਪਹਿਲਾਂ, ਕਰ ਵਿਖਾਇਆ ਸੀ। ਇਹ ਇਤਿਹਾਸਿਕ ਘਟਨਾ ਇਸ ਤਰ੍ਹਾਂ ਘਟੀ ਸੀ:

ਸੰਨ 1730 ਈ. ਵਿਚ ਰਾਜਾ ਅਭੈ ਸਿੰਘ ਨੂੰ ਆਪਣੇ ਜੋਧਪੁਰ ਵਾਲੇ ਮਹਿਲਾਂ ਲਈ ਵਧੀਆ ਲੱਕੜ ਚਾਹੀਦੀ ਸੀ। ਉਸ ਨੇ ਪਿੰਡਾਂ ਵਿੱਚੋਂ ਰੁੱਖ ਕੱਟ ਲਿਆਉਣ ਦਾ ਹੁਕਮ ਦਿੱਤਾ। ਉਸ ਦੇ ਕਾਰਿੰਦਿਆਂ ਨੂੰ ਇਕ ਪਿੰਡ ਦੀ ਜ਼ਮੀਨ ਵਿਚ ਖੜੀ ਝਿੜੀ ਬੜੀ ਪਸੰਦ ਆਈ। ਉਹ ਰੁੱਖ ਕੱਟਣ ਲਈ ਤਿਆਰ ਹੋਏ ਤਾਂ ਪਿੰਡ ਦੀ ਪੰਚਾਇਤ ਨੇ ਇਕੱਠੇ ਹੋ ਕੇ ਬੇਨਤੀ ਕੀਤੀ, "ਸਰਕਾਰ! ਅਸੀਂ ਜੰਬੋ ਜੀ ਮਹਾਰਾਜ ਦੇ ਪੁਜਾਰੀ ਹਾਂ। ਸਾਨੂੰ ਰੁੱਖ ਕੱਟਣ ਦੀ ਮਨਾਹੀ ਹੈ। ਸਾਡੇ ਗੁਰੂ ਜੀ ਦਾ ਹੁਕਮ ਹੈ, ਕੋਈ ਰੁੱਖ ਨਹੀਂ ਕੱਟਣਾ ਤੇ ਕੋਈ ਜਾਨਵਰ ਨਹੀਂ ਮਾਰਨਾ। ਇਥੋਂ ਅਸੀਂ ਰੁੱਖ ਨਹੀਂ ਵੱਢਣ ਦੇਣੇ, ਇਹ ਸਾਡੇ ਬੱਚੇ ਨੇ।"

ਰਾਜੇ ਦੇ ਕਾਰਿੰਦਿਆਂ ਦਿਆਂ ਸਿਰਾਂ ਉੱਤੇ ਸਰਕਾਰੀ ਗੁਮਾਸ਼ਤੇ ਹੋਣ ਦਾ ਭੂਤ ਸਵਾਰ ਸੀ। ਉਹ ਆਪਣੇ ਕੁਹਾੜੇ ਸੂਤ ਕੇ ਲਲਕਾਰੇ, "ਕੋਈ ਹੈ ਮਾਈ ਦਾ ਲਾਲ ਜੋ ਮਹਾਰਾਜ ਦੀ ਹੁਕਮ-ਅਦੂਲੀ ਕਰੇ? ਮਹਾਰਾਜਾ ਸਾਹਿਬ ਦਾ ਹੁਕਮ ਅਟੱਲ ਹੈ।"

ਜਦੋਂ ਪਿੰਡ ਵਾਲਿਆਂ ਦੀਆਂ ਬੇਨਤੀਆਂ ਦਾ ਕਾਰਿੰਦਿਆਂ ਉੱਤੇ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੇ ਆਪਣੇ ਰੁੱਖਾਂ ਨੂੰ ਕੱਸ ਕੇ ਜੱਫੀਆਂ ਪਾ ਲਈਆਂ। ਕਾਰਿੰਦੇ ਲਾ ਜ਼ੋਰ ਥੱਕੇ, ਪਰ ਪੇਂਡੂਆਂ ਨੇ ਆਪਣੀਆਂ ਜੱਫੀਆਂ ਢਿੱਲੀਆਂ ਨਾ ਕੀਤੀਆਂ। ਗੁੱਸੇ ਨਾਲ ਅੰਨ੍ਹੇ ਹੋਏ ਰਾਜੇ ਦੇ ਕਸਾਈ ਕਾਰਿੰਦਿਆਂ ਨੇ ਰੁੱਖਾਂ ਨੂੰ ਚੰਬੜੇ ਹੋਏ ਪੇਂਡੂਆਂ ਉੱਤੇ ਵੀ ਕੁਹਾੜੇ ਚਲਾਉਣੇ ਸ਼ੁਰੂ ਕਰ ਦਿੱਤੇ। ਇਹ ਕਤਲਿ-ਆਮ ਓਦੋਂ ਬੰਦ ਹੋਇਆ, ਜਦੋਂ 371 ਪੇਂਡੂ ਰੁੱਖਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਚੁੱਕੇ ਸਨ।

ਆਪਣੇ ਧਾਰਮਿਕ ਵਿਸ਼ਵਾਸਾਂ ਦੀ ਰੱਖਿਆ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦੇਣ ਦੀ ਕਹਾਣੀ ਸਾਡੇ ਲਈ ਨਵੀਂ ਨਹੀਂ, ਪਰ ਸਿਆਸਤ ਤੋਂ ਮੁਕਤ ਹੋ ਕੇ ਆਪਣੀ ਭਾਸ਼ਾ ਦੀ ਸੁਰੱਖਿਆ ਲਈ ਸੰਘਰਸ਼ ਕਰਨ ਦਾ ਵੱਲ ਅਸੀਂ ਅਜੇ ਸਿੱਖਣਾ ਹੈ। ਦੁਨੀਆ ਵਿਚ ਸ਼ਹੀਦੀਆਂ ਦੇ ਇਤਿਹਾਸਾਂ ਨੂੰ ਚਿਤਾਰਦੇ ਹੋਏ, ਨਿੱਤਰੋ ਪੰਜਾਬੀ ਦੇ ਹਿਤੈਸ਼ੀਓ! ਬਿਸ਼ਨੋਈ ਸ਼ਹੀਦਾਂ ਵਾਂਗ ਜੇ ਹਰ ਪੰਜਾਬੀ ਨੂੰ ਪੰਜਾਬੀ ਨਾਲ ਚਿਪਕ ਜਾਣ ਲਈ ਪ੍ਰੇਰ ਸਕਦੇ ਹੋ ਤਾਂ ਸਾਡੀਆਂ ਚੜ੍ਹਦੇ ਤੇ ਲਹਿੰਦੇ ਦੀਆਂ ਪੰਜਾਬੀ ਦੀਆਂ ਦੋਖੀ ਸਰਕਾਰਾਂ ਪੰਜਾਬੀ ਦਾ ਕੁੱਝ ਵਿਗਾੜ ਸਕਣਗੀਆਂ ਤੇ ਨਾ 21ਵੀਂ ਸਦੀ ਦਾ ਵਿਕਰਾਲ ਦੈਂਤ ਹੀ, ਜਿਸ ਨੇ ਭਾਸ਼ਾਵਾਂ ਦੇ ਭੋਜਨ ਨਾਲ ਆਪਣੀ ਭੁੱਖ ਤ੍ਰਿਪਤ ਕਰਨੀ ਸ਼ੁਰੂ ਕੀਤੀ ਹੋਈ ਹੈ, ਸਾਡੀ ਬੋਲੀ ਦੇ ਨੇੜੇ ਫਟਕ ਸਕੇਗਾ।

ਅਸੀਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਦੇ ਵਿਰੋਧੀ ਨਹੀਂ ਹਾਂ, ਅਸੀਂ ਚਾਹੁੰਦੇ ਹਾਂ, ਸਾਡੇ ਬੱਚੇ ਅੰਗਰੇਜ਼ੀ ਵਿਚ ਅੰਗਰੇਜ਼ਾਂ ਤੇ ਅਮਰੀਕਨਾਂ ਨੂੰ ਮਾਤ ਪਾਉਣ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਬੱਚੇ ਦੇ ਪਹਿਲੇ ਚਾਰ ਸਕੂਲੀ ਸਾਲਾਂ ਵਿਚ ਪੰਜਾਬੀ ਦੀ ਥਾਂ ਜਾਂ ਪੰਜਾਬੀ ਦੇ ਨਾਲ, ਕੋਈ ਹੋਰ ਭਾਸ਼ਾ ਬੱਚਿਆਂ ਦੇ ਦਿਮਾਗ਼ਾਂ ਦੇ ਕੁਦਰਤੀ ਵਿਕਾਸ ਵਿਚ ਵਿਘਨ ਪਾਵੇ। ਚੌਥੀ ਤੋਂ ਅਗਲੇ ਸਾਲਾਂ ਵਿਚ ਪੰਜਾਬ ਦੇ ਨਾਲ ਅੰਗਰੇਜ਼ੀ ਜਿੰਨੀ ਮਰਜ਼ੀ ਪੜ੍ਹਾਈ ਜਾਓ, ਪੰਜਾਬੀ ਆਪਣੀ ਰਾਖੀ ਆਪ ਕਰੀ ਜਾਏਗੀ।

ਜੈ ਪੰਜਾਬ! ਜੈ ਪੰਜਾਬੀ!! ਜੈ ਪੰਜਾਬੀਅਤ!!!

ਜ਼ਮੀਮਾ

ਦ ਇਕੋਨੌਮਿਸਟ ਵਿਚ ਛਪੀ ਰਪੋਟ ਵਿੱਚੋਂ ਕੁੱਝ ਜਵਾਹਰਪਾਰੇ ਵਿਦਵਾਨਾਂ ਦੀ ਸੂਚਨਾ ਲਈ ਹਾਜ਼ਿਰ ਹਨ :

- Linguists classify languages on a scale ranging from 'safe' (learnt by all children in the grop, and spoken by all its members) to...
- Most languages disappear because their speakers voluntarily abandon them...
- Quoted from a UNESCO paper :
  - The extinction of each languages results in the irrecoverable loss of unique cultural, historical and ecological knowledge. Each language is a unique expression of the human experience of the world...
  - The late Kenneth Hale, who taught linguistics at the Massahusetts Institute of Technology (MIT), put it more passionately : "When you lose a langauge, you lose a culture, intellectual wealth, a work of art. It's like dropping a bomb on a museum..."
  - The demise of any language is a loss for all manking, but most of all a loss for its speakers. As one Navajo elder, quoted by Mr. Yamamoto, told his grandson :

    If you don't breathe,
    There is no air.
    If you don't walk,
    There is no earth.
    If you don't speak,
    There is no world.

ਭਾਸ਼ਾਵਾਰ ਕਿਤਾਬ-ਸੂਚੀਆਂ

ਅੰਗਰੇਜ਼ੀ

Browne, Percy, *Indian Architecture* (Islamic Period), 6th reprint, 1975, Bombay, D.B. Taraporewala Sons & Co. Pvt. Ltd.

Budh Prakash, Dr., *Glimpses of Ancient Panjab*,1966, Patiala, Punjabi University.

Chopra, P.N., *Life and Letters under the Mughals*, 1976, New Delhi, Asha Janak Publications.

Dinesh Chander Sain, Dr., *History of the Bangali Langauge.*

Elliot, Sir, H.M., *The History of India as Told by Its Own Historians*, Vol. I, reprint, 1969, Allahabad.

Goulding, H.R., *Old Lahore*, N.D. reprint of 1929 ed., Lahore, Universal Book.

Jairaz Bhai, R.A., *Foreign Influence in Ancient India*, 1963, New Delhi, Asia Publishing House.

Khushwant Singh, *A History of the Sikhs*, Vol. II, 1969.

Majamdar, R.C., *The Classical Accounts of India*, 1960, Calcutta, Firma K.L. Mukhopadhyay.

Morrison John, *New Ideas in India during the Nineteenth Century*, 1977, Indian reprint, Chandigarh, Sameer Prakashan.

Moti Chandra, Dr., *Trade and Trade Routes in Ancient India*, 1977, New Delhi, Abhinav Publications.

Prasad, Prakash Charan, *Foreign Trade & Commerce in Ancient India*, 1977, New Delhi, Abhinav Publications.

Sarkar, D.C., *Iranians and Greeks in Ancient Panjab*, 1973, Patiala, Punjabi University.

Tara Chand, Dr., *Influence of Islam on Indian Culture*, 1963, Allahabad, The Indian Press (Publication) Private Ltd.

Teja Singh, Prof. (Tr.), *Asa Di Var or Guru Nanak's Ode in the Asa Measure*, 1968, Amritsar, S.G.P.C.

The Cambridge History of India, Vol. I, 1968, New Delhi, S. Chand & Co.

اردو

عربی لٹریچر میں قدیم ہندوستان۔ دلی، ندوۃ المصنفین۔۱۹۷۳

اسلامی علوم وفنون ہندوستان میں۔ (ترجمہ) ابوعرفان، اعظم گڑھ، دارالمصنفین۔۱۹۶۹

اعجاز الحق۔ تاریخِ سندھ، پہلا حصہ، دوسری بار، لاہور مرکزی اردو بورڈ۔۱۹۷۶

ہندوستان عربوں کی نظر میں۔ (ترجمہ) اعظم گڑھ، دارالمصنفین، پہلی جلد۔۱۹۶۰، دوسری جلد۔۱۹۶۲

ہندوستان میں عربوں کی حکومتیں، دہلی، ندوۃ المصنفین۔۱۹۶۷

ہندوستان کے مسلمان حکمرانوں کے عہد کے تمدنی کارنامے۔ اعظم گڑھ، دوسری بار۔۱۹۶۳

ہندوستان کے سلاطین، علما اور مشائخ کے تعلقات پر ایک نظر۔ اعظم گڑھ، دارالمصنفین، دوسری بار۔۱۹۷۰

شری گورو گرنتھ صاحب

مولانا قاضی اطہر مبارک پوری۔ اسلامی ہند کی عظمتِ رفتہ، دہلی، ندوۃ المصنفین۔۱۹۶۹

فارسی

خالق باری

تاریخِ فرشتہ

تزکِ بابری

تزکِ جہانگیری

معاصر المعارف

فرہنگِ آنندراج

سوہن لال سوری۔ عمدۃ التواریخ، چنڈیگڑھ، داراشکوہ۔ مجمع البحرین، کلکتہ، ایشیاٹک سوسائٹی آف بنگال۔۱۹۲۹

آئینۂ اکبری

واحد باری (مخطوطہ)۔۱۶۷۹۔ بکرمی، ذاتی کتب خانہ، پروفیسر پی این پشپ، ۳۳۔ گورجی باگ، سرینگر، کشمیر۔

تحقیقاتِ چشتی

شاہ مکھی

قریشی، عبدالغفور۔ پنجابی ادب کی کہانی۔۱۹۷۲

خیر منکھ

ਨਾਮ-ਸੂਚੀ ਸ਼ਖ਼ਸੀਅਤਾਂ

ਨਾਮ-ਸੂਚੀ ਅਸਥਾਨ



ਪ੍ਰੋ. ਪ੍ਰੀਤਮ ਸਿੰਘ

ISBN 81-7205-466-1
9 788172 054663